# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times — 11 ਜੁਲਾਈ 2025 ਦਿਨ ਸ਼ੁੱਕਰਵਾਰ — ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਸਰੀ ਦੀ ਮੇਅਰ ਬਰੈਂਡਾ ਲੌਕ ਨੇ ਬੇਅਰ ਕਰੀਕ ਸਟੇਡੀਅਮ ਦਾ ਉਦਘਾਟਨ ਕੀਤਾ

ਵਰਲਡ ਪੰਜਾਬੀ ਟਾਈਮਜ਼ — ਹਰਦਮ ਮਾਨ

ਸਰੀ, 10 ਜੁਲਾਈ : ਗੁਰੂ ਨਾਨਕ ਫੂਡ ਬੈਂਕ ਵੱਲੋਂ ਆਪਣੀ ਪੰਜਵੀਂ ਵਰ੍ਹੇਗੰਢ ਮੌਕੇ 'ਮੈਗਾ ਫੂਡ ਡਰਾਈਵ' ਕੀਤਾ ਗਿਆ ਜਿਸ ਵਿਚ ਦਾਨੀਆਂ ਨੇ ਭਰਵਾਂ ਹੁੰਗਾਰਾ ਦਿੱਤਾ। ਇਸ ਮੈਗਾ ਡਰਾਈਵ ਦੌਰਾਨ 216 ਟਨ ਤੋਂ ਵੱਧ ਫੂਡ ਇਕੱਠਾ ਕੀਤਾ ਗਿਆ।



ਫੂਡ ਡਰਾਈਵ ਵਿਚ ਸ਼ਾਮਲ ਹੋ ਕੇ ਕਈ ਸਥਾਨਕ ਰਾਜਨੀਤਕ ਆਗੂਆਂ ਅਤੇ ਉੱਘੀਆਂ ਸ਼ਖ਼ਸੀਅਤਾਂ ਨੇ ਭਾਈਚਾਰੇ ਦੇ ਦਾਨੀ ਸੱਜਣਾਂ ਨੂੰ ਉਤਸ਼ਾਹਿਤ ਕੀਤਾ ਤੇ ਵਲੰਟੀਅਰਾਂ ਦੀ ਹੌਸਲਾ ਅਫਜ਼ਾਈ ਕੀਤੀ। 100 ਤੋਂ ਵਧੇਰੇ ਸਕੂਲੀ ਵਿਦਿਆਰਥੀਆਂ ਨੇ ਫੂਡ ਡਰਾਈਵ ਦੌਰਾਨ ਸਾਰਾ ਦਿਨ ਬਤੌਰ ਵਲੰਟੀਅਰ ਸੇਵਾ ਨਿਭਾਈ। ਬੇਸ਼ੱਕ ਦਾਨ ਪਿਛਲੇ ਸਾਲ ਦੇ ਰਿਕਾਰਡ-ਤੋੜ 384.5 ਟਨ ਦੇ ਮੁਕਾਬਲੇ ਘੱਟ ਰਿਹਾ ਪਰ ਗੁਰੂ ਨਾਨਕ ਫੂਡ ਬੈਂਕ ਸਮਝਦਾ ਹੈ ਕਿ ਕੈਨੇਡੀਅਨ ਲੋਕ ਮੌਜੂਦਾ ਔਖੇ ਸਮੇਂ ਵਿੱਚੋਂ ਲੰਘ ਰਹੇ ਹਨ। ਆਰਥਿਕ ਮੰਦੀ ਦੇ ਬਾਵਜੂਦ ਭਾਈਚਾਰੇ ਵੱਲੋਂ ਸੇਵਾ ਤੇ ਦਾਨ ਲਈ ਅੱਗੇ ਆਉਣਾ ਬਹੁਤ ਹੀ ਸ਼ਲਾਘਾਯੋਗ ਹੈ।

ਗੁਰੂ ਨਾਨਕ ਫੂਡ ਬੈਂਕ ਵੱਲੋਂ ਪਿਛਲੇ ਪੰਜ ਸਾਲਾਂ ਵਿੱਚ ਯੋਗਦਾਨ ਪਾਉਣ ਵਾਲੇ 72,000 ਵਲੰਟੀਅਰ ਘੰਟਿਆਂ ਦੇ ਇੱਕ ਸ਼ਾਨਦਾਰ ਮੀਲ ਪੱਥਰ ਦਾ ਜਸ਼ਨ ਵੀ ਮਨਾਇਆ। 11 ਸਾਲਾ ਲਕਸ਼ ਦੀਆਂ ਸੇਵਾਵਾਂ ਦੀ ਜ਼ੋਰਦਾਰ ਸ਼ਲਾਘਾ ਕੀਤੀ ਗਈ ਜਿਸ ਨੇ 1 ਜੁਲਾਈ, 2020 ਨੂੰ ਗੁਰੂ ਨਾਨਕ ਫੂਡ ਬੈਂਕ ਨਾਲ ਸਵੈ-ਸੇਵਾ ਸ਼ੁਰੂ ਕੀਤੀ ਸੀ ਅਤੇ ਹੁਣ ਤੱਕ ਬਤੌਰ ਵਲੰਟੀਅਰ 2,765 ਘੰਟੇ ਪੂਰੇ ਕਰ ਲਏ ਹਨ। ਇਹ ਸਮਰਪਣ ਅਤੇ ਭਾਈਚਾਰਕ ਸੇਵਾ ਦੀ ਇੱਕ ਸ਼ਾਨਦਾਰ ਮਿਸਾਲ ਹੈ। ਪ੍ਰਬੰਧਕਾਂ ਵੱਲੋਂ ਫੂਡ ਡਰਾਈਵ ਦੀ ਸਫਲਤਾ ਲਈ ਸਾਰੇ ਵਲੰਟੀਅਰਾਂ, ਸਮਰਥਕਾਂ ਅਤੇ ਦਾਨੀਆਂ ਦਾ ਧੰਨਵਾਦ ਕੀਤਾ ਗਿਆ।

## ਬਿਲਗਾ ਨਗਰ ਦੀ ਸੰਗਤ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਮਾਤਾ ਗੰਗਾ ਜੀ ਦਾ ਵਿਆਹ ਪੁਰਬ ਮਨਾਇਆ

ਵਰਲਡ ਪੰਜਾਬੀ ਟਾਈਮਜ਼ — ਹਰਦਮ ਮਾਨ

ਸਰੀ, 11 ਜੁਲਾਈ : ਗੁਰਦੁਆਰਾ ਸਾਹਿਬ ਬਰੁੱਕਸਾਈਡ ਸਰੀ ਵਿਚ ਬਿਲਗਾ ਨਗਰ ਦੇ ਵਸਨੀਕਾਂ ਅਤੇ ਇਲਾਕੇ ਦੀਆਂ ਸੰਗਤਾਂ ਵੱਲੋਂ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਮਾਤਾ ਗੰਗਾ ਜੀ ਦੇ ਵਿਆਹ ਸੰਬੰਧੀ ਪੁਰਬ ਬੜੇ ਹੀ ਚਾਵਾਂ ਨਾਲ ਮਨਾਇਆ ਗਿਆ। ਇਸ ਸੰਬੰਧ ਵਿਚ ਰੱਖੇ ਗਏ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ ਅਤੇ ਦਰਬਾਰ ਹਾਲ ਵਿਚ ਦੀਵਾਨ ਸਜਾਏ ਗਏ। ਰਾਗੀ ਜੱਥਿਆਂ ਭਾਈ ਸਰਬਜੀਤ ਸਿੰਘ ਅਤੇ ਭਾਈ ਇਕਬਾਲ ਸਿੰਘ ਅਤੇ ਗਿਆਨੀ ਸਤਵਿੰਦਰਪਾਲ ਸਿੰਘ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਤੇ ਕਥਾ ਨਾਲ ਨਿਹਾਲ ਕੀਤਾ।





ਦੱਸਿਆ ਜਾਂਦਾ ਹੈ ਕਿ ਪੰਚਮ ਪਾਤਸ਼ਾਹ ਮਾਤਾ ਗੰਗਾ ਜੀ ਨਾਲ ਅਨੰਦ ਕਾਰਜ ਸਮੇਂ 'ਮੌ ਸਾਹਿਬ' ਨੂੰ ਜਾਂਦੇ ਹੋਏ ਜੰਞ ਸਮੇਤ ਦੁਆਬੇ ਦੇ ਇਸ ਇਤਿਹਾਸਕ ਨਗਰ ਵਿਚ ਠਹਿਰੇ ਸਨ। ਬਿਲਗਾ ਨਗਰ ਵਿਚ ਹਰ ਸਾਲ 18 ਤੋਂ 20 ਹਾੜ ਨੂੰ ਤਿੰਨ ਦਿਨਾਂ ਦਾ ਸਾਲਾਨਾ ਜੋੜ ਮੇਲਾ ਹੁੰਦਾ ਹੈ ਤੇ ਉਸ ਤੋਂ ਅਗਲੇ ਤਿੰਨ ਦਿਨ 'ਮੌ ਸਾਹਿਬ' ਵਿਖੇ ਵਿਆਹ ਪੁਰਬ ਦੇ ਸਬੰਧ ਵਿਚ ਧਾਰਮਿਕ ਦੀਵਾਨ ਦੇ ਸਮਾਗਮ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਸਜਾਏ ਜਾਂਦੇ ਹਨ। ਬਿਲਗਾ ਨਗਰ ਦੇ ਇਤਿਹਾਸ ਸੰਬੰਧੀ ਇਹ ਵੀ ਦੱਸਿਆ ਜਾਂਦਾ ਹੈ ਕਿ ਪਹਿਲੇ ਪਹਿਲ ਗੁਰੂ ਕਾਲ ਸਮੇਂ ਇਹ ਪਿੰਡ ਝੁੱਗੀਆਂ ਵਿਚ ਵਸਦਾ ਸੀ ਅਤੇ ਹਰ ਸਾਲ ਕੁਦਰਤੀ ਕਰੋਪੀ ਤੇ ਅੱਗ ਦਾ ਸ਼ਿਕਾਰ ਹੋ ਜਾਂਦਾ ਸੀ। ਪਿੰਡ ਵਾਸੀਆਂ ਦੀ ਬੇਨਤੀ ਨੂੰ ਸਵੀਕਾਰ ਕਰਦਿਆਂ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਚਨ ਕੀਤਾ ਕਿ ਭਵਿੱਖ ਵਿਚ ਅਕਾਲ ਪੁਰਖ ਦੀ ਰਹਿਮਤ ਸਦਕਾ ਇੱਥੇ ਬਹੁਤ ਵੱਡਾ ਨਗਰ ਵਸੇਗਾ। ਗੁਰੂ ਜੀ ਦੇ ਬਚਨਾਂ ਅਨੁਸਾਰ ਜਲੰਧਰ ਜ਼ਿਲ੍ਹੇ ਦੀ ਤਹਿਸੀਲ ਫਿਲੌਰ ਵਿਚ ਇਹ ਨਗਰ ਮੌਜੂਦ ਹੈ ਤੇ ਅੱਜ ਕੱਲ੍ਹ ਇਹ ਸੱਤ ਪੱਤੀਆਂ ਦੇ ਰੂਪ ਵਿਚ ਵਸਿਆ ਹੋਇਆ ਹੈ। ਗੁਰੂ ਆਰਜਨ ਦੇਵ ਜੀ ਦੀ ਛੋਹ ਪ੍ਰਾਪਤ ਕਈ ਵਸਤਾਂ ਵੀ ਇੱਥੋਂ ਦੇ ਗੁਰਦੁਆਰਾ ਸਾਹਿਬ ਵਿਚ ਮੌਜੂਦ ਹਨ।

ਸੇਵਾਦਾਰ ਬੀਬੀਆਂ ਨੇ ਮਿਲ ਕੇ ਸੀਰਨੀ ਗੋਗਲੇ ਤੇ ਲੱਡੂ ਵਗੈਰਾ ਵਿਆਹ ਸਮਾਗਮ ਸੰਬੰਧੀ ਮਠਿਆਈ ਬਨਾਉਣ ਦੀ ਸੇਵਾ ਬਹੁਤ ਤਨਦੇਹੀ ਨਾਲ ਕੀਤੀ। ਨਗਰ ਵਾਸੀਆਂ ਨੂੰ ਨਿਸ਼ਾਨੀ ਦੇ ਤੌਰ 'ਤੇ ਵੰਡੀ ਗਈ ਅਤੇ ਲੰਗਰ ਹਾਲ ਵਿਚ ਸੰਗਤਾਂ ਨੇ ਵੀ ਅਨੰਦ ਮਾਣਿਆ। ਨਗਰ ਨਿਵਾਸੀਆਂ ਨੇ ਆਉਂਦੇ ਸਾਲ 2026 ਲਈ ਇਹ ਪ੍ਰੋਗਰਾਮ 3-4-5 ਜੁਲਾਈ ਨੂੰ ਗੁਰਦੁਆਰਾ ਸਾਹਿਬ ਬਰੁੱਕਸਾਈਡ ਵਿਖੇ ਕਰਵਾਉਣ ਦਾ ਐਲਾਨ ਕੀਤਾ।

## ਆਕਸਫੋਰਡ ਸਕੂਲ ਦੇ ਨੰਨ੍ਹੇ ਵਿਦਿਆਰਥੀਆਂ ਨੇ ਕੀਤੀ 'ਫੂਡ ਵਿਦਾਊਟ ਫਾਇਰ' ਗਤੀਵਿਧੀ

### ਵਿਦਿਆਰਥੀਆਂ ਨੇ ਸਕੂਲ ਵਿੱਚ ਖੁਦ ਬਿਨਾਂ ਅੱਗ ਤੋਂ ਭੋਜਨ ਕੀਤਾ ਤਿਆਰ

### ਸਕੂਲ ਮੈਨੇਜਮੈਂਟ ਕਮੇਟੀ ਦੇ ਮੈਂਬਰਾਂ ਨੇ ਉਪਰਾਲੇ ਦੀ ਕੀਤੀ ਭਰਪੂਰ ਪ੍ਰਸ਼ੰਸਾ

ਵਰਲਡ ਪੰਜਾਬੀ ਟਾਈਮਜ਼ — ਟਿੰਕੂ ਕੁਮਾਰ

ਕੋਟਕਪੂਰਾ/ਬਰਗਾੜੀ, 11 ਜੁਲਾਈ : ਦਾ ਆਕਸਫੋਰਡ ਸਕੂਲ ਆਫ਼ ਐਜੂਕੇਸ਼ਨ ਭਗਤਾ ਭਾਈਕਾ ਇੱਕ ਅਜਿਹੀ ਮਾਣਮੱਤੀ ਵਿੱਦਿਅਕ ਸੰਸਥਾ ਹੈ, ਜੋ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਵੱਲ ਪਹਿਲ ਦੇ ਆਧਾਰ 'ਤੇ ਕਦਮ ਵਧਾ ਰਹੀ ਹੈ। ਵਿਦਿਆਰਥੀਆਂ ਅੰਦਰ ਨਵੀਂ ਚੇਤਨਾ, ਜਾਗਰੂਕਤਾ, ਕੁਝ ਨਵਾਂ ਸਿੱਖਣ ਦੀ ਲਲਕ ਪੈਦਾ ਕਰਨਾ, ਇਸ ਸੰਸਥਾ ਦਾ ਸਰਵੋਤਮ ਮਕਸਦ ਹੈ। ਬੀਤੇ ਦਿਨੀਂ ਇਸੇ ਮਨੋਰਥ ਨੂੰ ਮੁੱਖ ਰੱਖਦਿਆਂ ਪਹਿਲੀ ਜਮਾਤ ਦੇ ਸਾਰੇ ਵਿਦਿਆਰਥੀਆਂ ਨੇ 'ਫੂਡ ਵਿਦਾਊਟ ਫਾਇਰ'




ਗਤੀਵਿਧੀ ਕੀਤੀ। ਜਿਸ ਵਿੱਚ ਵਿਦਿਆਰਥੀਆਂ ਨੇ ਖੁਦ ਬਿਨਾਂ ਅੱਗ ਤੋਂ ਸਕੂਲ ਵਿੱਚ ਭੋਜਨ ਤਿਆਰ ਕੀਤਾ। ਜਿਸ ਵਿੱਚ ਉਹਨਾਂ ਨੇ ਆਪਣੇ ਅਧਿਆਪਕ ਸਾਹਿਬਾਨਾਂ ਦੀ ਨਿਗਰਾਨੀ ਵਿੱਚ ਵੱਖੋ-ਵੱਖਰੇ ਪ੍ਰਕਾਰ ਦੇ ਸੈਂਡਵਿੱਚ, ਪੁੰਗਰੀਆਂ ਦਾਲਾਂ ਦਾ ਸਲਾਦ, ਬੇਲ-ਪੂਰੀ ਆਦਿ ਪਤਾ ਨਹੀਂ ਕਿੰਨੇ ਹੀ ਪਕਵਾਨ-ਤਿਆਰ ਕਰ ਦਿੱਤੇ। ਨਿੱਕੇ-ਨਿੱਕੇ ਇਹ ਮਾਸਟਰ ਸ਼ੈੱਫ ਬੜੇ ਹੀ ਉਤਸ਼ਾਹ ਅਤੇ ਆਤਮ-ਵਿਸ਼ਵਾਸ ਦੇ ਨਾਲ ਇਹ ਗਤੀਵਿਧੀ ਕਰਦੇ ਨਜ਼ਰ ਆਏ। ਇਸ ਮੌਕੇ ਪ੍ਰਿੰਸੀਪਲ ਰੂਪ ਲਾਲ ਬਾਂਸਲ ਅਤੇ ਕੋਆਰਡੀਨੇਟਰ ਮਿਸ. ਅਮਨ ਸਾਂਧਰ ਨੇ ਬੱਚਿਆਂ ਦੀ ਕਾਫ਼ੀ ਹੌਂਸਲਾ ਅਫ਼ਜ਼ਾਈ ਕੀਤੀ। ਵਿਦਿਆਰਥੀਆਂ ਨੇ ਆਪਣੀਆਂ ਤਿਆਰ ਕੀਤੀਆਂ ਭੋਜਨ ਆਈਟਮਾਂ ਪ੍ਰਿੰਸੀਪਲ ਰੂਪ ਲਾਲ ਬਾਂਸਲ ਅਤੇ ਕੋਆਰਡੀਨੇਟਰ ਮਿਸ. ਅਮਨ ਸਾਂਧਰ ਅੱਗੇ ਪੇਸ਼ ਕੀਤੀਆ। ਪ੍ਰਿੰਸੀਪਲ ਬਾਂਸਲ ਨੇ ਵਿਦਿਆਰਥੀਆਂ ਦੇ ਫੂਡ ਦਾ ਸੁਆਦ ਲੈਂਦਿਆਂ ਉਨ੍ਹਾਂ ਦੀ ਮਿਹਨਤ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਹਰ ਇੱਕ ਬੱਚੇ ਨੂੰ ਇਹ ਮੁੱਢਲੀਆਂ ਚੀਜ਼ਾਂ ਜ਼ਰੂਰ ਸਿਖਾਉਣੀਆਂ ਚਾਹੀਦੀਆਂ ਹਨ ਤਾਂ ਜੋ ਕਿਸੇ ਉੱਤੇ ਨਿਰਭਰ ਨਾ ਰਹਿਣ ਅਤੇ ਲੋੜ ਪੈਣ 'ਤੇ ਆਪਣਾ ਪੇਟ ਭਰ ਸਕਣ। ਇਸ ਸਮੇਂ ਪ੍ਰਬੰਧਕ ਕਮੇਟੀ ਦੇ ਸਰਪ੍ਰਸਤ ਹਰਦੇਵ ਸਿੰਘ ਬਰਾੜ (ਸਾਬਕਾ ਚੇਅਰਮੈਨ), ਹਰਗੁਰਪ੍ਰੀਤ ਸਿੰਘ ਗਗਨ ਬਰਾੜ (ਚੇਅਰਮੈਨ), ਗੁਰਮੀਤ ਸਿੰਘ ਗਿੱਲ (ਪ੍ਰਧਾਨ), ਪਰਮਪਾਲ ਸਿੰਘ 'ਸ਼ੈਰੀ ਢਿੱਲੋਂ' (ਵਾਈਸ ਚੇਅਰਮੈਨ), ਰਾਜਵਿੰਦਰ ਸਿੰਘ ਸੋਢੀ (ਜਨਰਲ ਸਕੱਤਰ), ਗੁਰਮੀਤ ਸਿੰਘ ਗਿੱਲ ਸਰਪੰਚ (ਵਿੱਤ-ਸਕੱਤਰ) ਨੇ ਵੀ ਵਿਦਿਆਰਥੀਆਂ ਵੱਲੋਂ ਕੀਤੀ ਇਸ ਗਤੀਵਿਧੀ ਨੂੰ ਸਲਾਹਿਆ।

## ਤਰਕਸ਼ੀਲ ਮੈਗਜ਼ੀਨ ਦਾ ਜੁਲਾਈ ਲੋਕ ਅਰਪਣ -ਸੁਰਿੰਦਰਪਾਲ

### ਮੀਟਿੰਗ ਵਿੱਚ ਸੱਤਵੀਂ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਦੀ ਤਿਆਰੀ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ

ਵਰਲਡ ਪੰਜਾਬੀ ਟਾਈਮਜ਼ — ਮਾਸਟਰ ਪਰਮਵੇਦ



ਸੰਗਰੂਰ 11 ਜੁਲਾਈ : ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਦੀ ਮੀਟਿੰਗ ਇਕਾਈ ਮੁਖੀ ਸੁਰਿੰਦਰ ਪਾਲ ਉਪਲੀ ਦੀ ਪ੍ਰਧਾਨਗੀ ਵਿੱਚ ਸੰਗਰੂਰ ਵਿਖੇ ਹੋਈ। ਮੀਟਿੰਗ ਦੀ ਕਾਰਵਾਈ ਪ੍ਰੈਸ ਨਾਲ ਸਾਂਝੀ ਕਰਦਿਆਂ ਤਰਕਸ਼ੀਲ ਆਗੂ ਕ੍ਰਿਸ਼ਨ ਸਿੰਘ ਦੁੱਗਾਂ ਤੇ ਗੁਰਦੀਪ ਸਿੰਘ ਲਹਿਰਾ ਨੇ ਦੱਸਿਆ ਕਿ ਮੀਟਿੰਗ ਵਿੱਚ ਸੱਤਵੀਂ ਵਿਦਿਆਰਥੀ ਚੇਤਨਾ ਪਰਖ਼ ਪ੍ਰੀਖਿਆ ਵਿੱਚ ਵਿਦਿਆਰਥੀਆਂ ਦੀ ਪਿਛਲੇ ਸਾਲ ਵਾਲੀ 2000 ਗਿਣਤੀ ਨੂੰ ਬਰਕਰਾਰ ਰੱਖਣ ਲਈ ਵਿਚਾਰ ਵਟਾਂਦਰਾ ਕੀਤਾ ਗਿਆ। ਉਨ੍ਹਾਂ ਦੱਸਿਆ ਗਿਆ ਕਿ ਪ੍ਰੀਖਿਆ ਦੀ ਸਿਲੇਬਸ ਕਿਤਾਬਾਂ ਆ ਚੁੱਕੀਆਂ ਹਨ
ਪ੍ਰੀਖਿਆ 29 ਤੇ 31 ਅਗਸਤ ਨੂੰ ਓ ਐਮ ਆਰ ਸ਼ੀਟ ਤੇ ਹੋਵੇਗੀ। ਸੰਗਰੂਰ ਦੇ ਨਾਲ ਲੱਗਦੇ ਸਾਰੇ ਸਕੂਲਾਂ ਤੋਂ ਇਲਾਵਾ ਲਹਿਰਾਗਾਗਾ ਤੇ ਭਵਾਨੀਗੜ੍ਹ ਦੇ ਸਕੂਲਾਂ ਕੋਲ ਪਹੁੰਚ ਕਰਨ ਦਾ ਫ਼ੈਸਲਾ ਕੀਤਾ ਗਿਆ। ਤਰਕਸ਼ੀਲ ਮੈਗਜ਼ੀਨ ਅੰਕ ਜੁਲਾਈ -ਅਗਸਤ ਦੀ ਵੰਡ ਕੀਤੀ ਗਈ । ਮੀਟਿੰਗ ਵਿੱਚ ਸੂਬਾ ਕਮੇਟੀ ਦੇ ਫ਼ੈਸਲੇ ਅਨੁਸਾਰ ਘੱਟੋ ਘੱਟ ਇੱਕ ਸਕੂਲ ਦੀ ਪੱਕੇ ਤੌਰ ਤੇ ਚੋਣ ਕੀਤੀ ਜਾਵੇਗੀ, ਜਿਥੇ ਇਕਾਈ ਵੱਲੋਂ ਹਰ ਵਿਸ਼ੇਸ਼ ਦਿਨ ਉਥੇ ਮਨਾਇਆ ਜਾਵੇਗਾ। ਮੀਟਿੰਗ ਵਿੱਚ ਦੂਜੇ ਵਿਦਿਆਰਥੀ ਵਿਗਿਆਨਕ ਚੇਤਨਾ ਕੈਂਪ ਦਾ ਰੀਵਿਊ ਕੀਤਾ ਗਿਆ ਤੇ ਕੈਂਪ ਨੂੰ ਅਤੀ ਲਾਭਦਾਇਕ ਮਹਿਸੂਸ ਕੀਤਾ ਗਿਆ। ਮੀਟਿੰਗ ਵਿੱਚ ਤਰਕਸ਼ੀਲ ਮੈਗਜ਼ੀਨ ਦਾ ਪਸਾਰਾ ਵਧਾਉਣ ਲਈ ਵਿਚਾਰਾਂ ਕੀਤੀਆਂ ਗਈਆਂ। ਵਿੱਦਿਅਕ, ਸਿਹਤ ਸੰਸਥਾਵਾਂ ਤੇ ਪਿੰਡਾਂ ਵਿੱਚ ਵੱਧ ਤੋਂ ਵਧ ਸੰਸਥਾਵਾਂ ਕੋਲ ਪਹੁੰਚਾਉਣ ਦੀ ਸਹਿਮਤੀ ਬਣੀ।ਮੀਟਿੰਗ ਵਿੱਚ ਉਪਰੋਕਤ ਤੋਂ ਇਲਾਵਾ ਗੁਰਦੀਪ ਸਿੰਘ , ਗੁਰਜੰਟ ਸਿੰਘ,ਪ੍ਰਗਟ ਸਿੰਘ,, ਪ੍ਰਹਿਲਾਦ ਸਿੰਘ, ਕ੍ਰਿਸ਼ਨ ਸਿੰਘ, ਅਮਰ ਸਿੰਘ, ਮਨਧੀਰ ਸਿੰਘ ਤੇ ਹੇਮ ਰਾਜ ਮੂਨਕ ਨੇ ਸ਼ਮੂਲੀਅਤ ਕੀਤੀ।

## ਮਨੋਜ ਗੋਂਦਾਰਾ ਦੀ ਅਗਵਾਈ ਹੇਠ ਆਜ਼ਾਦ ਕਿਸਾਨ ਮੋਰਚਾ ਵੱਲੋਂ ਪਿੰਡ ਦੀ ਡਿਸਪੈਂਸਰੀ ਦਾ ਅਚਾਨਕ ਦੌਰਾ ਕੀਤਾ ਗਿਆ

### ਚਾਰ ਕਰਮਚਾਰੀਆਂ ਵਿੱਚੋਂ ਤਿੰਨ ਗੈਰਹਾਜ਼ਰ ਪਾਏ ਗਏ, ਪਿੰਡ ਵਾਸੀ ਇਸ ਰੋਜ਼ਾਨਾ ਦੇ ਮਾਮਲੇ 'ਚ ਪ੍ਰੇਸ਼ਾਨ ਹੋ ਰਹੇ ਹਨ

### ਗੋਂਦਾਰਾ ਨੇ ਕਿਹਾ! ਵਿਭਾਗੀ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਖੁਦ ਨੋਟਿਸ ਲੈ ਕੇ ਜਾਂਚ ਕਰਨੀ ਚਾਹੀਦੀ ਹੈ



ਪਿੰਡ ਪੰਨੀਵਾਲਾ ਮਾਹਲਾ ਦੀ ਸਰਕਾਰੀ ਡਿਸਪੈਂਸਰੀ ਤੋਂ ਡਿਸਪੈਂਸਰੀ ਦੇ ਸਰਕਾਰੀ ਕਰਮਚਾਰੀਆਂ ਦੇ ਗੈਰਹਾਜ਼ਰ ਹੋਣ ਦਾ ਮਾਮਲਾ ਅਜੇ ਠੰਢਾ ਵੀ ਨਹੀਂ ਹੋਇਆ ਸੀ ਕਿ ਕੱਲ੍ਹ ਜਦੋਂ ਆਜ਼ਾਦ ਕਿਸਾਨ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਚੌਧਰੀ ਮਨੋਜ ਕੁਮਾਰ ਗੋਂਦਾਰਾ ਨੇ ਪਿੰਡ ਹਰੀਪੁਰਾ ਦੀ ਸਰਕਾਰੀ ਡਿਸਪੈਂਸਰੀ ਦਾ ਅਚਾਨਕ ਦੌਰਾ ਕੀਤਾ ਤਾਂ ਇੱਥੇ ਵੀ ਅਜਿਹੀ ਹੀ ਸਥਿਤੀ ਦੇਖਣ ਨੂੰ ਮਿਲੀ। ਇਸ ਡਿਸਪੈਂਸਰੀ ਵਿੱਚ ਵੀ 3 ਕਰਮਚਾਰੀ ਗੈਰ ਹਾਜਰ ਸਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਚੌਧਰੀ ਮਨੋਜ ਗੋਦਾਰਾ ਨੇ ਕਿਹਾ ਕਿ ਜਦੋਂ ਅਸੀਂ ਪਿੰਡ ਵਾਸੀਆਂ ਦੀ ਮੰਗ 'ਤੇ ਡਿਸਪੈਂਸਰੀ ਦਾ ਦੌਰਾ ਕੀਤਾ ਤਾਂ ਡਿਊਟੀ 'ਤੇ ਸਿਰਫ਼ ਇੱਕ ਮਹਿਲਾ ਕਰਮਚਾਰੀ ਮੌਜੂਦ ਸੀ। ਪੁੱਛਣ 'ਤੇ ਉਸਨੇ ਦੱਸਿਆ ਕਿ ਪਵਨ ਕੁਮਾਰ ਡਿਸਪੈਂਸਰੀ ਵਿੱਚ ਸੀਐਚਓ ਹੈ ਅਤੇ ਦੋ ਹੋਰ ਸਟਾਫ ਮੈਂਬਰ ਡਿਊਟੀ 'ਤੇ ਹਨ। ਇਸ ਮੌਕੇ, ਪਵਨ ਕੁਮਾਰ ਅਤੇ ਹੋਰ ਸਟਾਫ ਮੈਂਬਰਾਂ ਦੇ ਡਿਸਪੈਂਸਰੀ ਵਿੱਚ ਡਿਊਟੀ 'ਤੇ ਮੌਜੂਦ ਨਾ ਹੋਣ ਬਾਰੇ, ਮਹਿਲਾ ਕਰਮਚਾਰੀ ਨੇ ਦੱਸਿਆ ਕਿ ਪਵਨ ਕੁਮਾਰ ਅਤੇ ਹੋਰ ਸਟਾਫ ਮੈਂਬਰ ਪੰਜਕੋਸੀ ਪਿੰਡ ਗਏ ਹੋਏ ਹਨ। ਜਦੋਂ ਮਹਿਲਾ ਕਰਮਚਾਰੀ ਤੋਂ ਪੁੱਛਿਆ ਗਿਆ ਕਿ ਪੰਜਕੋਸੀ ਪਿੰਡ ਵਿੱਚ ਤਾਂ ਪਹਿਲਾਂ ਹੀ ਇੱਕ ਸੀ.ਐਚ.ਸੀ. ਸੈਂਟਰ ਹੈ ਅਤੇ ਡਾਕਟਰ ਸਮੇਤ ਸਾਰੇ ਕਰਮਚਾਰੀ ਉੱਥੇ ਹਨ, ਤਾਂ ਫਿਰ ਇਸ ਡਿਸਪੈਂਸਰੀ ਦਾ ਸਟਾਫ ਪੰਜਕੋਸੀ ਕਿਉਂ ਗਿਆ ਹੈ, ਤਾਂ ਓਹਨਾਂ ਵਲੋਂ ਕੋਈ ਤਸੱਲੀਬਖ਼ਸ਼ ਜਵਾਬ ਨਹੀਂ ਦਿੱਤਾ। ਜਦੋਂ ਮਹਿਲਾ ਕਰਮਚਾਰੀ ਨੂੰ ਯੋਗ ਸਰਕਾਰੀ ਰਜਿਸਟਰ ਦਿਖਾਉਣ ਲਈ ਕਿਹਾ ਗਿਆ, ਜਿਸ ਵਿੱਚ ਬਾਕੀ ਕਰਮਚਾਰੀਆਂ ਨੇ ਪੰਚਕੋਸੀ ਫੇਰੀ ਬਾਰੇ ਲਿਖਿਆ ਹੈ, ਤਾਂ ਉਹ ਇਸ ਸਬੰਧ ਵਿੱਚ ਵੀ ਕੋਈ ਤਸੱਲੀਬਖਸ਼ ਜਵਾਬ ਨਹੀਂ ਦੇ ਸਕੇ। ਇਹ ਸਪੱਸ਼ਟ ਸੀ ਕਿ ਇਹ ਕਰਮਚਾਰੀ ਬਿਨਾਂ ਕੋਈ ਕਾਰਨ ਦੱਸੇ ਆਪਣੀ ਡਿਊਟੀ ਤੋਂ ਗੈਰਹਾਜ਼ਰ ਸਨ। ਜਿਸ ਤੋਂ ਬਾਅਦ, ਆਜ਼ਾਦ ਕਿਸਾਨ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਚੌਧਰੀ ਮਨੋਜ ਕੁਮਾਰ ਨੇ ਮਹਿਲਾ ਕਰਮਚਾਰੀ ਨੂੰ ਕਿਹਾ ਕਿ ਤੁਹਾਡਾ ਕੰਮ ਆਪਣੀ ਡਿਊਟੀ ਸਰਕਾਰੀ ਨਿਯਮਾਂ ਮੁਤਾਬਿਕ ਕਰਨਾ ਅਤੇ ਪਿੰਡ ਦੇ ਮਰੀਜ਼ਾਂ ਨੂੰ ਰਾਹਤ ਪ੍ਰਦਾਨ ਕਰਨਾ ਹੈ, ਫਿਰ ਤੁਸੀਂ ਲੋਕ ਫਰਲੋ ਕਿਉਂ ਮਾਰਦੇ ਹੋ? ਤੁਸੀਂ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਆਪਣੀ ਡਿਊਟੀ ਕਿਉਂ ਨਹੀਂ ਕਰਦੇ? ਚੌਧਰੀ ਗੋਦਾਰਾ ਨੇ ਕਿਹਾ ਕਿ ਅੱਜ ਪਿੰਡ ਵਾਸੀਆਂ ਦੀ ਸ਼ਿਕਾਇਤ 'ਤੇ ਤੁਹਾਡੇ ਕੇਂਦਰ ਦਾ ਪਹਿਲੀ ਵਾਰ ਨਿਰੀਖਣ ਕੀਤਾ ਗਿਆ ਹੈ, ਇਸ ਲਈ ਇਸ ਵਾਰ ਅਸੀਂ ਤੁਹਾਡੇ ਵਿਰੁੱਧ ਕਿਸੇ ਤਰ੍ਹਾਂ ਦੀ ਲਿਖਤੀ ਸ਼ਿਕਾਇਤ ਨਹੀਂ ਕਰਾਂਗੇ, ਪਰ ਭਵਿੱਖ ਵਿੱਚ ਜੇਕਰ ਕੋਈ ਕਰਮਚਾਰੀ ਡਿਊਟੀ ਤੋਂ ਗੈਰਹਾਜ਼ਰ ਪਾਇਆ ਗਿਆ ਤਾਂ ਉਸ ਨੂੰ ਬਖਸ਼ਿਆ ਨਹੀਂ ਜਾਵੇਗਾ। ਇਸ ਮੌਕੇ 'ਤੇ ਮੌਜੂਦ ਆਜ਼ਾਦ ਕਿਸਾਨ ਮੋਰਚਾ ਫਾਜ਼ਿਲਕਾ ਦੇ ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਪ੍ਰਜਾਪਤੀ ਨੇ ਕਿਹਾ ਕਿ ਇੱਕ ਪਾਸੇ ਲੱਖਾਂ ਨੌਜਵਾਨ ਮੁੰਡੇ-ਕੁੜੀਆਂ ਸਰਕਾਰੀ ਨੌਕਰੀ ਦੀ ਆਸ ਵਿੱਚ ਬੇਰੁਜ਼ਗਾਰ ਘੁੰਮ ਰਹੇ ਹਨ, ਜਦੋਂ ਕਿ ਜਿਨ੍ਹਾਂ ਨੂੰ ਸਰਕਾਰ ਵੱਲੋਂ ਚੰਗੀ ਤਨਖਾਹ ਦਿੱਤੀ ਜਾ ਰਹੀ ਹੈ, ਉਹ ਆਪਣੀ ਡਿਊਟੀ ਸਰਕਾਰ ਦੇ ਨਿਯਮਾਂ ਅਤੇ ਅਨੁਸ਼ਾਸਨ ਨਾਲ ਨਹੀਂ ਕਰ ਰਹੇ, ਜੋ ਕਿ ਬਹੁਤ ਹੀ ਨਿੰਦਣਯੋਗ ਹੈ। ਪ੍ਰਜਾਪਤੀ ਨੇ ਕਿਹਾ ਕਿ ਅਜਿਹੇ ਲਾਪ੍ਰਵਾਹ ਕਰਮਚਾਰੀ ਹੀ ਸਰਕਾਰ ਦੀਆਂ ਸਰਕਾਰੀ ਵਿਭਾਗਾਂ ਨੂੰ ਨਿੱਜੀਕਰਨ ਕਰਨ ਦੀਆਂ ਨੀਤੀਆਂ ਨੂੰ ਉਤਸ਼ਾਹਿਤ ਕਰ ਰਹੇ ਹਨ। ਪ੍ਰਜਾਪਤੀ ਨੇ ਕਿਹਾ ਕਿ ਅਬੋਹਰ ਸਬ-ਡਿਵੀਜ਼ਨ ਦੇ ਪਿੰਡਾਂ ਵਿੱਚ ਸਥਾਪਿਤ ਡਿਸਪੈਂਸਰੀਆਂ ਵਿੱਚ ਡਿਊਟੀ 'ਤੇ ਕਰਮਚਾਰੀਆਂ ਦੀ ਗੈਰਹਾਜ਼ਰੀ ਪੰਜਾਬ ਸਰਕਾਰ ਦੀ ਅਸਫਲਤਾ ਸਾਬਿਤ ਹੋ ਰਹੀ ਹੈ, ਅਤੇ ਸਰਕਾਰ ਦਾ ਕਰਮਚਾਰੀਆਂ 'ਤੇ ਕੋਈ ਕੰਟਰੋਲ ਨਹੀਂ ਹੈ। ਉਨ੍ਹਾਂ ਕਿਹਾ ਕਿ ਸਿਵਲ ਸਰਜਨ ਨੂੰ ਨਿਯਮਤ ਤੌਰ 'ਤੇ ਅਚਨਚੇਤ ਨਿਰੀਖਣ ਕਰਕੇ ਡਿਸਪੈਂਸਰੀਆਂ ਦੇ ਖ਼ਰਾਬ ਹਾਲਾਤਾਂ ਦੀ ਜਾਂਚ ਕਰਨੀ ਚਾਹੀਦੀ ਹੈ। ਇਸ ਮੌਕੇ ਹੋਰਨਾ ਤੋਂ ਇਲਾਵਾ ਸਰਪੰਚ ਭੋਜ ਰਾਜ ਸਿਆਗ ਇਕਾਈ ਪ੍ਰਧਾਨ ਤਾਜਾ ਪੱਟੀ, ਵਿਸ਼ਾਲ ਬਿਸ਼ਨੋਈ, ਅਸ਼ੋਕ ਕੁਮਾਰ ਹਰੀਪੁਰਾ ਅਤੇ ਹੋਰ ਸਾਥੀ ਵੀ ਹਾਜ਼ਰ ਸਨ।

## ਡਾਕ ਵਿਭਾਗ ਨੇ ਰੱਖੜੀ ਦੇ ਤਿਉਹਾਰ ਲਈ ਲਿਆਂਦੀ ਵਾਟਰ ਪਰੂਫ ਲਿਫਾਫਿਆਂ ਦੀ ਸੁਵਿਧਾ : ਸਤਿੰਦਰ ਸਿੰਘ

### ਭੈਣਾਂ ਵਿਦੇਸ਼ 'ਚ ਰਹਿੰਦੇ ਆਪਣੇ ਭਰਾਵਾਂ ਨੂੰ ਘੱਟ ਦਰ 'ਤੇ ਭੇਜ ਸਕਣਗੀਆਂ ਰੱਖੜੀ

ਵਰਲਡ ਪੰਜਾਬੀ ਟਾਈਮਜ਼ — ਟਿੰਕੂ ਕੁਮਾਰ



ਕੋਟਕਪੂਰਾ, 11 ਜੁਲਾਈ : ਡਾਕ ਵਿਭਾਗ ਵੱਲੋਂ ਰੱਖੜੀ ਦੇ ਤਿਉਹਾਰ ਲਈ ਬਰਸਾਤ ਦੇ ਮੌਸਮ ਨੂੰ ਧਿਆਨ ਵਿੱਚ ਰੱਖਦਿਆਂ ਵਾਟਰ ਪਰੂਫ ਲਿਫਾਫਿਆਂ ਦੀ ਸੁਵਿਧਾ ਮੁਹਾਇਆ ਕਾਰਵਾਈ ਜਾ ਰਹੀ ਹੈ। ਇਹ ਜਾਣਕਾਰੀ ਫਰੀਦਕੋਟ ਪੋਸਟ ਆਫਿਸ ਦੇ ਸੁਪਰਡੈਂਟ ਸਤਿੰਦਰ ਸਿੰਘ ਲਹਿਰੀ ਨੇ ਦਿੱਤੀ। ਉਹਨਾਂ ਦੱਸਿਆ ਕਿ ਡਾਕ ਵਿਭਾਗ ਵਲੋ ਰੱਖੜੀ ਦੇ ਇਨ੍ਹਾਂ ਲਿਫਾਫਿਆਂ ਨੂੰ ਵੱਡੀ ਮਾਤਰਾ ਵਿਚ ਮੁਹਾਇਆ ਕਰਵਾ ਦਿੱਤਾ ਗਿਆ ਹੈ। ਬਰਸਾਤ ਦੇ ਮੌਸਮ ਵਿਚ ਇਨ੍ਹਾਂ ਲਿਫਾਫਿਆਂ ਦੇ ਫਟਣ ਜਾ ਗਿੱਲੇ ਹੋਣ ਦਾ ਕੋਈ ਡਰ ਨਹੀਂ ਹੋਵੇਗਾ ਇਸ ਤਰ੍ਹਾਂ ਰੱਖੜੀ ਦਾ ਤਿਉਹਾਰ ਮੀਂਹ ਤੋਂ ਪ੍ਰਭਾਵਤ ਨਹੀਂ ਹੋਵੇਗਾ। ਉਨ੍ਹਾਂ ਦੱਸਿਆ ਕਿ ਲਿਫਾਫਿਆਂ ਦਾ ਆਕਾਰ ਆਮ ਲਿਫਾਫਿਆਂ ਨਾਲੋ ਵੱਡਾ ਤੇ ਰੰਗੀਨ ਹੈ ਤੇ ਇਨ੍ਹਾਂ ਦੀ ਕੀਮਤ 15 ਰੁਪਏ ਰੱਖੀ ਗਈ ਹੈ ਅਤੇ ਇਸ ਤੋਂ ਇਲਾਵਾ 20 ਰੁਪਏ ਦੇ ਰਾਖੀ ਬਾਕਸ ਵੀ ਉਪਲਬਧ ਹਨ ਜੋ ਕੇ ਡਿਪਾਰਮੈਟ ਦੁਆਰਾ ਹੀ ਪੈਕ ਕਰ ਦਿੱਤੇ ਜਾਂਦੇ ਹਨ ਅਤੇ ਪ੍ਰਾਈਵੇਟ ਕੋਰੀਅਰ ਨਾਲੋ ਬਹੁਤ ਹੀ ਸਸਤੇ ਰੇਟ ਉਪਰ ਦੇਸ਼ ਵਿਦੇਸ਼ ਭੇਜ ਜਾ ਰਹੇ ਹਨ। ਉਹਨਾਂ ਦੱਸਿਆ ਕਿ ਹੁਣ ਭੈਣਾਂ ਡਾਕ ਵਿਭਾਗ ਰਾਹੀਂ ਵਿਦੇਸ਼ ਵਿਚ ਰਹਿੰਦੇ ਆਪਣੇ ਭਰਾਵਾਂ ਨੂੰ ਬਹੁਤ ਹੀ ਵਾਜ਼ਿਬ ਦਰ 'ਤੇ ਰੱਖੜੀ ਭੇਜ ਸਕਣਗੀਆਂ। ਉਨ੍ਹਾਂ ਦੱਸਿਆ ਕਿ ਇਸ ਵਾਰ ਸਾਰੀਆ ਭੈਣਾਂ ਦੀ ਸ਼ਹੂਲਤ ਲਈ ਪੋਸਟ ਆਫਿਸ ਵਿੱਚ ਵੱਖਰੇ ਕਾਉਂਟਰ ਵੀ ਖੋਲ੍ਹੇ ਗਏ ਹਨ ਤਾਂ ਜੋ ਉਨ੍ਹਾਂ ਨੂੰ ਕੋਈ ਵੀ ਦਿੱਕਤ ਨਾ ਆਵੇ ਅਤੇ ਜਲਦੀ ਤੋਂ ਜਲਦੀ ਉਹ ਆਪਣੀ ਰੱਖੜੀ ਦੇਸ਼-ਵਿਦੇਸ਼ ਵਿੱਚ ਭੇਜ ਸਕਣ।

## ਰੱਬ ਕਿੱਥੇ ਰਹਿੰਦਾ ਹੈ?*""




ਵਰਲਡ ਪੰਜਾਬੀ ਟਾਈਮਜ਼ — ਸੁਰਜੀਤ ਸਾਰੰਗ

ਜਿਸ ਨੂੰ ਉੱਚੀ ਉੱਚੀ ਪੁਕਾਰਦਾ ਹੈ। ਉਹ ਤੇਰੇ ਦਿਲ ਘਰ ਵਿਚ ਟਿਕਿਆ ਹੋਇਆ ਹੈ। ਪਰ ਤੇਰਾ ਪੁਕਾਰਨਾ ਵੀ ਕੇਵਲ ਕਰਮ ਕਾਂਡ ਬਣ ਗਿਆ ਹੈ।
ਜਿਸ ਦੇ ਕੋਲ ਸਿਦਕ ਨਹੀਂ ਸੰਤੋਖ ਨਹੀਂ। ਤੂੰ ਕਿੱਥੇ ਜਾ ਰਿਹਾ ਹੈ ਹੱਜ ਕਰਨ ਵਾਸਤੇ ।ਦੇ ਤੇਰੇ ਦਿਲ ਦੀ ਸਫਾਈ ਨਹੀਂ ਜਿਥੇ ਰੱਬ ਬੈਠਾ ਹੈ। ਤੂੰ ਪਰਮਾਤਮਾ ਦੇ ਬੂਹੇ ਵਿਚ ਬੈਠ ਕੇ ਵੀ ਪਰਮਾਤਮਾ ਨੂੰ ਪਾ ਨਾ ਸਕਿਆ।
ਰੱਬ ਮੈਨੂੰ ਮਿਲ ਗਿਆ ਕਹਿਣ ਲੱਗਾ ਇਹ ਕਿਹੜੇ ਭੁਲੇਖੇ ਵਿਚ ਪੈ ਗਿਆ ਹੈ। ਫਿਰ ਆਖਦਾ ਹੈ ਪਰਮਾਤਮਾ ਮੇਰੇ ਕੋਲੋਂ ਨਰਾਜ਼ ਹੋ ਗਿਆ ਹੈ ਪਰ ਕਿਉਂ।
ਤੈਨੂੰ ਕਿਸੇ ਨੇ ਕਹਿ ਦਿੱਤਾ ਕਿ ਮੈਂ ਇੱਥੇ ਬੈਠਾ ਕਿ। ਫਿਰ ਮੈਂ ਕੀ ਕਰਾਂ। ਪਰਮਾਤਮਾ ਦਾ ਸਿਮਰਨ ਕਰਿਆ ਕਰ। ਜਿਸ ਨੂੰ ਬਾਹਰ ਲੱਭਣ ਲਈ ਤੁਰਿਆ ਹੈ ਬੰਦਗੀ ਕਰਨ ਤੇਰੇ ਅੰਦਰੋਂ ਖ਼ੁਦਾ ਪ੍ਰਗਟ ਹੋਣਾ ਹੈ। ਇਹ ਜਿਹੜੀ ਅੱਗ ਤੇਰੇ ਅੰਦਰ ਮੱਚਦੀ ਪਏ,ਹੈ ਹੈ ਇਹ ਤਾਂ ਬੁੱਝ ਜਾਏਗੀ ਤੂੰ ਆਪਣੇ ਦਿਲ ਨੂੰ ਖੋਜ਼ ਜਦੋਂ ਤੂੰ ਉਸ ਨੂੰ ਖੋਜੇ ਗਾ ਤਾਂ ਜਿੰਨਾਂ ਸੁੱਖ ਅੰਦਰ ਖੋਜਣ ਵਿਚ ਸੁੱਖ ਹੈ ਉੱਨਾਂ ਹੋਰ ਕਿਸੇ ਵਿਚ ਨਹੀਂ।
ਤੂੰ ਮੰਦਰ ਦੀਆਂ ਚਾਰ ਇੱਟਾਂ ਲਗਾ ਕੇ ਮਸੀਤ ਵਿਚ ਵੂਹ ਗੁਰਦੁਆਰਾ ਦੇ ਚਾਰ ਗੁੰਬਦ ਉੱਤੇ ਚੁੱਕ ਕੇ ਕਹੇਂ ਕਿ ਗੁਰੂ ਇੱਥੇ ਬੈਠਾ ਹੋ। ਇਕ ਕਹੀ ਜਾਏ ਮਸੀਤ ਵਿਚ ਦੂਜਾ ਆਖੇ ਮੰਦਰ ਵਿਚ। ਦੱਖਣ ਵਾਲੇ ਆਖਣ ਜਗਨਨਾਥ ਪੁਰੀ ਦਾ ਨਿਵਾਸ ਹੈ। ਮੇਰੇ ਪਿਆਰੇ ਭਗਤੋਂ ਬਾਹਰ ਦੀਆਂ ਇੱਟਾਂ ਢੋਈ ਜਾਂਦੇ ਹੋ।
ਰੱਬ ਤਾਂ ਤੇਰੇ ਦਿਲ ਹਿਰਦੇ ਵਿਚ ਬੈਠਾ ਹੈ। ਤੂੰ ਬਾਹਰ ਕਿਉਂ ਝਾਤੀ ਪਿਆ ਮਾਰਦਾ ਹੈ। ਇੱਥੇ ਗੁਰੂ ਸਾਹਿਬ ਆਖਦੇ ਹਨ
ਹਰਿ ਮੰਦਰੁ ਹਰਿ ਸਾਜਿਆ
ਹਰਿ ਵਸੈ ਜਿਸੁ ਨਾਲਿ ।
ਪਰਮਾਤਮਾ ਨੇ ਇਸ ਸਰੀਰ ਮੰਦਰ ਨੂੰ ਆਪ ਸਾਜਿਆ ਹੈ ਤੇ ਇਸਨੂੰ ਸਾਜਨ ਤੋਂ ਬਾਅਦ ਉਹ ਆਪ ਇਸਦੇ ਅੰਦਰ ਨਾਲ ਰਹਿੰਦਾ ਹੈ। ਗੁਰੂ ਦੀ ਮੱਤ ਨਾਲ ਉਸ ਹਰੀ ਨੂੰ ਆਪਣੇ ਅੰਦਰੋਂ ਪਾ ਲਿਆ ਹੈ। ਉਸ ਦੀ ਕ੍ਰਿਪਾ ਨਾਲ ਮਾਇਆ ਦਾ ਮੋਹ ਜਾਲ ਦਾ ਜਿਹੜਾ ਸੀ ਉਹ ਟੁੱਟ ਗਿਆ। ਇੱਥੇ ਉਹ ਵੱਡੇ ਭਾਗਾਂ ਵਾਲੇ ਹਨ ਜਿਨ੍ਹਾਂ ਨੇ ਗੁਰੂ ਦੇ ਸਨਮੁੱਖ ਰਹਿ ਕੇ ਉਸ ਨੂੰ ਲੱਭ ਲਿਆ ਪਰ ਖੋਜਿਆ ਹੈ ਸ਼ਬਦ ਦੀ ਕਮਾਈ ਨਾਲ ਸ਼ਬਦ ਨੂੰ ਜੱਪ ਜੱਪ ਕੇ ਉਸ ਨੂੰ ਆਪਣੇ ਅੰਦਰੋਂ ਲੱਭ ਲਿਆ।
ਉਹ ਵੱਡੇ ਭਾਗਾਂ ਵਾਲੇ ਹਨ ਜਿਨ੍ਹਾਂ ਨੇ ਸਰੀਰ ਰੂਪੀ ਕਿਲੇ ਵਿਚੋਂ ਰੱਬ ਨੂੰ ਪਾ ਲਿਆ ਹੈ। ਇਹ ਨਾਮ ਜੱਪਣ ਵਾਲੇ ਨੇਕ ਸ਼ਬਦ ਦੀ ਕਮਾਈ ਕੀਤੀ। ਜਿਸ ਨੇ ਰੱਬ ਨੂੰ ਖੋਜਿਆ ਹੈ ਉਸ ਨੂੰ ਜ਼ਰੂਰ ਮਿਲਦਾ ਹੈ । ਪਹਾੜੀ ਤੇ ਬੈਠਾ ਬੰਦਾ ਰੱਬ ਨੂੰ ਖੋਜਣ ਵਾਸਤੇ ਆਪਣੇ ਥੱਲੇ ਸੋਟਾ ਵਿਛਾ ਕੇ ਬੈਠ ਜਾਏ ਸਾਰੀ ਜ਼ਿੰਦਗੀ ਬੈਠ ਕੇ ਚਲਾ ਜਾਏ ਮਰ ਜਾਏ ਉਸ ਨੂੰ ਸੋਨੇ ਨਾਲ ਕੀ ਭਾਅ ਦੇ ਉਹ ਨੇ ਖੋਜਿਆ ਨਹੀਂ। ਇਹ ਸਾਰੀ ਜ਼ਿੰਦਗੀ ਕਹੀ ਜਾਏ
ਸਭ ਮਹਿ ਜੋਤਿ ਜੋਤਿ ਹੈ ਸੋਇ।।
ਉਸ ਨੂੰ ਕੀ ਮਤਲਬ ਉਸ ਨੇ ਜੋਤ ਤਾਂ ਦੇਖੀ ਹੀ ਨਹੀਂ। ਖੋਜ ਵਾਲੇ ਪਾਸੇ ਤੂੰ ਸਹੀ ਚਲ ਰਿਹਾ।ਖੋਜੇ ਤਾਂ ਹੀ ਆਪਣੇ ਆਪ ਤੋਂ ਉੱਪਰ ਉੱਠ ਕੇ ਹਿਰਦੇ ਵਿਚ ਦੀਦਾਰ ਨਾ ਲਵੇਂਗਾ।
ਹਰ ਵੇਲੇ ਸੁਖਮਨੀ ਸਾਹਿਬ ਅਸੀਂ ਪੜ੍ਹਦੇ ਹਾਂ। ਸੁਖਮਨੀ ਸਾਹਿਬ ਦਾ ਕੇਂਦਰੀ ਭਾਵ ਇਹ ਹੀ ਦਸਦਾ ਹੈ।
ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ।
ਭਗਤ ਜਨਾ ਕੈ ਮਨਿ ਬਿਸ੍ਰਾਮ।।
ਸੋ ਰੱਬ ਸਾਡੇ ਅੰਦਰ ਹੈ। ਸਭ
ਜਿਸ ਨੇ ਖੋਜ਼ ਲਿਆ ਉਹ ਬੇੜੇ ਤੇ ਚੜ੍ਹ ਗਿਆ। ਇਧਰ ਉਧਰ ਨਹੀਂ ਭਟਕਣਾ ਚਾਹੀਦਾ।

## ਰਾਜਨੀਤੀ

ਵਰਲਡ ਪੰਜਾਬੀ ਟਾਈਮਜ਼ — ਡਾ ਜਸਵੀਰ ਸਿੰਘ ਗਰੇਵਾਲ

ਪੈਸਾ ,ਸਿਆਸਤ ਤੇ ਸ਼ਕਤੀ ਦੀ ਪੋੜੀ ਦਾ ਇਸਤੇਮਾਲ ਕਰਕੇ ਕੁਰਸੀ ਹਾਸਿਲ ਕਰਨੀ ਅੱਜ ਕੱਲ੍ਹ ਦੇ ਦੌਰ ਦਾ ਫੈਸ਼ਨ ਬਣਿਆ ਹੋਇਆ ਹੈ। ਪਹਿਲੀਆਂ ਚ ਲੋਕ ਸੇਵਾ ਕਰਨ ਵਾਲਿਆਂ ਨੂੰ ਲੋਕੀ ਖੁਦ ਅੱਗੇ ਲੈ ਕੇ ਆਉਂਦੇ ਸਨ ਤੇ ਸਿਆਸਤ ਵੀ ਲੋਕ ਮੁੱਦਿਆਂ ਤੇ ਹੁੰਦੀ ਸੀ ਲੋਕ ਹਿੱਤ ਲਈ ਪਰ੍ਹੇ ਚ ਕੀਤੇ ਫੈਸਲੇ ਲੋਕੀ ਸਹਿਜੇ ਹੀ ਸਵੀਕਾਰ ਕਰ ਲਿਆ ਕਰਦੇ ਸਨ ਪ੍ਰੰਤੂ ਅੱਜ ਕੱਲ੍ਹ ਇਹ ਨਹੀਂ ਰਿਹਾ ਕਿਉਂਕਿ ਰਾਜਨੀਤੀ ਵੀ ਹੁਣ ਧੰਦਾ ਹੀ ਬਣ ਗਈ ਹੈ।
ਮੌਜੂਦਾ ਸਮੇਂ ਸਾਡੇ ਦੇਸ਼ ਦੀ ਸਿਆਸਤ ਏਨੀ ਭ੍ਰਿਸ਼ਟ ਹੋ ਚੁੱਕੀ ਹੈ ਕਿ ਇਸ ਵਿੱਚ ਇਮਾਨਦਾਰੀ ਅਤੇ ਲੋਕ ਸੇਵਾ ਦੀ ਭਾਵਨਾ ਵਰਗੀ ਕੋਈ ਚੀਜ਼ ਨਜ਼ਰ ਨਹੀਂ ਆਉਂਦੀ। ਅਜੋਕੇ ਸਮੇਂ ਦੇ ਬਹੁਤ ਸਾਰੇ ਸੁਆਰਥੀ ਅਤੇ ਲਾਲਚੀ ਸਿਆਸੀ ਆਗੂਆਂ ਨੇ ਸਿਆਸਤ ਨੂੰ 'ਦੇਸ਼ ਸੇਵਾ' ਵਾਲੇ ਜਜ਼ਬੇ ਦੀ ਬਜਾਏ ਇੱਕ ਬਹੁਤ ਵੱਡੇ ਵਪਾਰ ਦੇ ਰੂਪ ਵਿੱਚ ਤਬਦੀਲ ਕਰ ਦਿੱਤਾ ਹੈ, ਤਾਹੀਓਂ ਤਾਂ ਸਾਡੇ ਦੇਸ਼ ਦੇ ਰਾਜਨੀਤਿਕ ਆਗੂਆਂ ਵੱਲੋਂ ਸੱਤਾ ਹਾਸਲ ਕਰਨ ਲਈ ਕਈ ਤਰ੍ਹਾਂ ਦੇ ਪਾਪੜ ਵੇਲੇ ਜਾਂਦੇ ਹਨ। ਜੇਕਰ ਸਾਡੇ ਦੇਸ਼ ਦੇ ਲੋਕ ਸੱਚਮੁੱਚ ਹੀ ਬਿਨਾਂ ਕਿਸੇ ਨਿੱਜੀ ਸਵਾਰਥ ਜਾਂ ਲਾਲਚ ਅਤੇ ਲੋਕ-ਸੇਵਾ ਦੀ ਭਾਵਨਾ ਨਾਲ ਰਾਜਨੀਤੀ ਨੂੰ ਅਪਣਾਉਣ ਵਾਲੇ ਹੁੰਦੇ ਅਤੇ ਰਾਜਨੀਤੀ ਨੂੰ ਪੈਸਾ ਇਕੱਠਾ ਕਰਨ ਦਾ ਜ਼ਰੀਆ ਸਮਝਣ ਦੀ ਬਜਾਏ ਆਪਣੇ ਸਿਆਸੀ ਰੁਤਬੇ ਅਨੁਸਾਰ ਪ੍ਰਾਪਤ ਹੋਣ ਵਾਲੇ ਫ਼ਰਜ਼ਾਂ ਨੂੰ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਂਦੇ ਤਾਂ ਅੱਜ ਸਾਡਾ ਦੇਸ਼ ਵੀ ਪੱਛਮੀ ਦੇਸ਼ਾਂ ਦੀ ਤਰ੍ਹਾਂ ਪੂਰੀ ਤਰ੍ਹਾਂ ਵਿਕਸਿਤ ਹੋ ਚੁੱਕਾ ਹੁੰਦਾ।

ਪਰ ਮੌਜੂਦਾ ਹਾਲਾਤ ਇੰਨੇ ਬਦਤਰ ਹੋ ਚੁੱਕੇ ਹਨ ਕਿ ਸਿਆਸੀ ਲੋਕਾਂ ਵੱਲੋਂ ਰਾਜਨੀਤਿਕ ਤਾਕਤ ਹਾਸਲ ਕਰਨ ਲਈ ਦੇਸ਼ ਦੀ ਜਨਤਾ ਨੂੰ ਕਈ ਤਰ੍ਹਾਂ ਦੇ ਲਾਲਚ ਦੇ ਕੇ ਉਹਨਾਂ ਦੀਆਂ ਵੋਟਾਂ ਹਥਿਆ ਲਈਆਂ ਜਾਂਦੀਆਂ ਹਨ ਅਤੇ ਸਿਆਸਤ ਦੀ ਕੁਰਸੀ 'ਤੇ ਕਾਬਜ਼ ਹੋਣ ਤੋਂ ਬਾਅਦ ਆਪਣੇ ਫਰਜ਼ਾਂ ਨੂੰ ਇਮਾਨਦਾਰੀ ਨਾਲ ਨਿਭਾਉਣ ਦੀ ਬਜਾਏ ਸਿਰਫ ਗੈਰ-ਕਾਨੂੰਨੀ ਢੰਗ ਨਾਲ ਪੈਸਾ ਇਕੱਠਾ ਕਰਨ 'ਤੇ ਹੀ ਜ਼ੋਰ ਦਿੱਤਾ ਜਾਂਦਾ ਹੈ। ਦੇਸ਼ ਦੇ ਲੋਕਾਂ ਨੂੰ ਸੰਵਿਧਾਨ ਵੱਲੋਂ ਮਿਲੇ ਵੋਟ ਦੇ ਅਧਿਕਾਰ ਨੂੰ ਵੀ ਸੁਆਰਥੀ ਰਾਜਨੀਤਿਕ ਪਾਰਟੀਆਂ ਅਤੇ ਭ੍ਰਿਸ਼ਟ ਸਿਆਸੀ ਲੋਕ ਪੈਸੇ ਦੇ ਜ਼ੋਰ 'ਤੇ ਪ੍ਰਭਾਵਿਤ ਕਰ ਰਹੇ ਹਨ। ਦੇਸ਼ ਵਿੱਚ ਜੇਕਰ ਕੋਈ ਚੀਜ਼ ਸਭ ਤੋਂ ਭ੍ਰਿਸ਼ਟ ਹੈ ਤਾਂ ਉਹ ਸਾਡੇ ਦੇਸ਼ ਦੀ ਰਾਜਨੀਤੀ ਹੀ ਹੈ, ਤਾਹੀਓਂ 'ਤੇ ਸਿਆਸੀ ਲੋਕ ਰਾਜਨੀਤਿਕ ਰੁਤਬੇ ਦੀ ਪ੍ਰਾਪਤੀ ਨੂੰ ਕੁਬੇਰ ਦੇ ਖਜ਼ਾਨੇ ਦਾ ਮੁੱਖ ਦਵਾਰ ਸਮਝਦੇ ਹੋਏ ਆਪਣੀ ਸਾਰੀ ਉਮਰ ਕੁਰਸੀ ਹਾਸਿਲ ਕਰਨ ਦੀ ਦੌੜ ਵਿੱਚ ਲੱਗੇ ਰਹਿੰਦੇ ਹਨ।

ਇਹ ਵੀ ਕਿੰਨੀ ਸ਼ਰਮ ਵਾਲੀ ਗੱਲ ਹੈ ਕਿ ਲੋਕਤੰਤਰੀ ਸਰਕਾਰ ਦਾ ਗਠਨ ਆਪਣੀ ਮਰਜ਼ੀ ਨਾਲ ਕਰਨ ਲਈ ਦੇਸ਼ ਦੀ ਜਨਤਾ ਨੂੰ ਸੰਵਿਧਾਨ ਵੱਲੋਂ ਮਿਲਿਆ ਵੋਟ ਦਾ ਅਧਿਕਾਰ ਵੀ ਚੋਣਾਂ ਸਮੇਂ ਸਿਆਸੀ ਲੋਕਾਂ ਲਈ ਖ਼ਰੀਦ ਦੀ ਵਸਤੂ ਬਣ ਜਾਂਦਾ ਹੈ। ਜਿਸਦੇ ਚੱਲਦਿਆਂ ਵੋਟਾਂ ਦੇ ਦਿਨਾਂ ਵਿੱਚ ਸਿਆਸੀ ਪਾਰਟੀਆਂ ਅਤੇ ਰਾਜਨੀਤਿਕ ਲੋਕਾਂ ਵੱਲੋਂ ਜਨਤਾ ਦੀਆਂ ਵੋਟਾਂ ਪ੍ਰਾਪਤ ਕਰਨ ਲਈ ਉਹਨਾਂ ਨੂੰ ਪੈਸੇ, ਸ਼ਰਾਬ ਅਤੇ ਕਈ ਤਰ੍ਹਾਂ ਦੇ ਹੋਰ ਲਾਲਚ ਵੀ ਦਿੱਤੇ ਜਾਂਦੇ ਹਨ। ਇਸ ਵਰਤਾਰੇ ਵਿੱਚ ਇਕੱਲੇ ਰਾਜਨੀਤਿਕ ਦਲ ਜਾਂ ਸਿਆਸੀ ਲੋਕ ਹੀ ਜ਼ਿੰਮੇਵਾਰ ਨਹੀਂ, ਸਗੋਂ ਉਹ ਲੋਕ ਵੀ ਬਰਾਬਰ ਦੇ ਜ਼ਿੰਮੇਵਾਰ ਹਨ, ਜੋ ਕਿਸੇ ਕਿਸਮ ਦੇ ਲਾਲਚ ਵਿੱਚ ਆ ਕੇ ਆਪਣੀ ਵੋਟ ਦਾ ਸਹੀ ਇਸਤੇਮਾਲ ਨਹੀਂ ਕਰਦੇ। ਜੇਕਰ ਅਸੀਂ ਚਾਹੁੰਦੇ ਹਾਂ ਕਿ ਅੱਛੇ ਮਿਆਰ ਦੇ ਸਿਆਸਤਦਾਨ ਅੱਗੇ ਆਉਣ ਤਾਂ ਅਸਾਨੂੰ ਆਪਣੇ ਇਖਲਾਕ ਤੇ ਚਰਿੱਤਰ ਨੂੰ ਉੱਚਾ ਚੁੱਕਣਾ ਪਵੇਗਾ ਤੇ ਜ਼ਮੀਰਾਂ ਜਗਾਉਣੀ ਆ ਪੈਣਗੀਆਂ, ਸਿਆਸੀ ਕਿਰਦਾਰ ਦੀ ਚੋਣ ਕਰਨ ਸਮੇਂ ਇੱਕ ਤਾਂ ਉਸ ਦੀ ਪਾਰਟੀ ਨਹੀਂ ਸਗੋਂ ਲਿਆਕਤ, ਚਰਿੱਤਰ, ਸੂਝਬੂਝ ਬਾਰੇ ਵੋਟਰਾਂ ਵੱਲੋਂ ਘੋਖਣਾ ਬਣਦਾ ਹੈ ਦੂਜਾ ਉਮੀਦਵਾਰ ਦੇ ਪ੍ਰਚਾਰ ਸਾਧਨਾਂ ਦੀ ਸਮੀਖਿਆ ਕਰਨੀ ਚਾਹੀਦੀ ਹੈ ਜੇਕਰ ਉਹ ਨਸ਼ੇ ਜਾਂ ਕੋਈ ਹੋਰ ਲਾਲਚ ਦਿੰਦਾ ਹੈ ਤਾਂ ਤੁਰੰਤ ਪਿੰਡ ਜਾਂ ਸ਼ਹਿਰ ਵਾਸੀਆਂ ਸਮੂਹਿਕ ਜਾਂ ਪੰਚਾਇਤੀ ਰੂਪ ਚ ਮੁਖਾਲਫਤ ਕਰਨੀ ਚਾਹੀਦੀ ਹੈ ਤੇ ਹੋਰਨਾਂ ਦੇ ਵੀ ਧਿਆਨ ਚ ਲਿਆਉਣਾ ਚਾਹੀਦਾ । ਸੱਚ ਪੁੱਛੋ ਤਾਂ ਸਾਡੇ ਸਿਆਸੀ ਤਾਣੇ-ਬਾਣੇ ਦੀ ਵੱਡੇ ਪੱਧਰ ਤੇ ਸਫ਼ਾਈ ਕਰਨ ਵਾਲੀ ਹੈ ਦੇਸ਼ ਭਗਤੀ ਦਾ ਜਜ਼ਬਾ ਸਾਡੀ ਰਹਿਨੁਮਾਈ ਕਰਨ ਵਾਲਿਆਂ ਦੀ ਮਾਨਸਿਕਤਾ ਚੋਂ ਮਨਫੀ ਹੋ ਗਿਆ ਜਾਪਦਾ ।

## ਬੁਢਾਪੇ ਵਿੱਚ ਮਾਤਾ-ਪਿਤਾ ਕੋਲ, ਬੱਚੇ ਕਿਉਂ ਨਹੀਂ ਰਹਿੰਦੇ?



ਵਰਲਡ ਪੰਜਾਬੀ ਟਾਈਮਜ਼ — ਠਾਕੁਰ ਦਲੀਪ ਸਿੰਘ

ਮਾਤਾ ਪਿਤਾ, ਵਿਸ਼ੇਸ਼ ਰੂਪ ਵਿੱਚ ਭਾਰਤੀ ਮਾਤਾ-ਪਿਤਾ ਦੇ ਬੱਚੇ: ਜਦੋਂ ਬੁਢਾਪੇ ਵਿੱਚ ਉਨ੍ਹਾਂ ਕੋਲ ਨਹੀਂ ਰਹਿੰਦੇ, ਉਨ੍ਹਾਂ ਦੀ ਸੇਵਾ ਨਹੀਂ ਕਰਦੇ; ਤਾਂ ਮਾਤਾ-ਪਿਤਾ ਨੂੰ ਮਾਨਸਿਕ ਕਸ਼ਟ ਪਹੁੰਚ ਕੇ, ਬਹੁਤ ਕ੍ਰੋਧ ਆਉਂਦਾ ਹੈ "ਅੰਤਰਿ ਕ੍ਰੋਧੁ ਅਹੰਕਾਰੁ ਹੈ ਅਨਦਿਨੁ ਜਲੈ ਸਦਾ ਦੁਖੁ ਪਾਇ" (ਮ. ੩)। ਮਾਤਾ-ਪਿਤਾ ਇਸ ਕਸ਼ਟ ਦਾ ਕਾਰਨ ਨਹੀਂ ਸਮਝ ਪਾਉਂਦੇ। ਉਹ ਸੋਚਦੇ ਹਨ, "ਅਸੀਂ ਆਪਣੇ ਮਾਤਾ-ਪਿਤਾ ਕੋਲ ਰਹਿੰਦੇ ਸੀ, ਉਨ੍ਹਾਂ ਦੀ ਆਗਿਆ ਮੰਨਦੇ ਸੀ ਅਤੇ ਸੇਵਾ ਕਰਦੇ ਸੀ "ਬ੍ਰਿਧ ਮਾਤਾ ਅਰੁ ਤਾਤ ਕੀ ਸੇਵਾ ਕਰਿਯੋ ਨਿਤ" (ਪਾਤਸ਼ਾਹੀ ੧੦); ਅੱਜ ਦੇ ਬੱਚੇ, ਅਸਾਡੇ ਕੋਲ ਕਿਉਂ ਨਹੀਂ ਰਹਿੰਦੇ? ਅਤੇ, ਅਸਾਡੀ ਸੇਵਾ ਕਿਉਂ ਨਹੀਂ ਕਰਦੇ?"
ਜਿਨ੍ਹਾਂ ਮਾਤਾ-ਪਿਤਾ ਨੂੰ ਇਹ ਕਸ਼ਟ ਹੁੰਦਾ ਹੈ ਕਿ ਉਹਨਾਂ ਦੇ ਬੱਚੇ ਸੇਵਾ ਕਿਉਂ ਨਹੀਂ ਕਰਦੇ; ਉਨ੍ਹਾਂ ਨੂੰ ਕਸ਼ਟ-ਮੁਕਤ ਕਰਨ ਲਈ, ਮੈਂ ਜੀਵਨ ਦੀ ਇੱਕ ਅਟੱਲ ਸੱਚਾਈ ਦੱਸ ਰਿਹਾ ਹਾਂ, ਜੋ ਸ਼ਾਇਦ ਮਾਪਿਆਂ ਦੇ ਧਿਆਨ ਵਿੱਚ ਨਾ ਹੋਵੇ। ਸੰਭਵ ਹੈ: ਇਸ ਨਾਲ ਉਨ੍ਹਾਂ ਦਾ ਕਸ਼ਟ ਦੂਰ ਹੋ ਜਾਵੇਗਾ।
ਜੇ ਤੁਹਾਡੇ ਬੱਚੇ: ਤੁਹਾਡੇ ਨਾਲ ਨਹੀਂ ਰਹਿੰਦੇ, ਤੁਹਾਡੀ ਸੇਵਾ ਨਹੀਂ ਕਰਦੇ; ਤਾਂ ਇਸ ਲਈ ਤੁਸੀਂ ਬਿਨਾਂ ਸੋਚੇ-ਸਮਝੇ ਉਨ੍ਹਾਂ ਨੂੰ ਦੋਸ਼ ਨਾ ਦਿਓ। ਇਸ ਵਿੱਚ ਸਭ ਤੋਂ ਪਹਿਲਾਂ ਦੋਸ਼ ਤੁਹਾਡਾ ਹੀ ਹੈ। ਤੁਸੀਂ ਬੱਚਿਆਂ ਨੂੰ ਅਜਿਹੇ ਸੰਸਕਾਰ ਨਹੀਂ ਦਿੱਤੇ, ਜਿਸ ਨਾਲ ਉਹ ਤੁਹਾਡੇ ਨਾਲ ਰਹਿ ਕੇ, ਤੁਹਾਡੀ ਸੇਵਾ ਕਰ ਸਕਣ।
ਦੂਸਰਾ: ਜਦੋਂ ਬੱਚੇ ਘਰੋਂ ਬਾਹਰ ਨਿਕਲ ਕੇ ਵਿਚਰਦੇ ਹਨ, ਤਾਂ ਉਨ੍ਹਾਂ ਨੂੰ ਆਪਣੇ ਆਲੇ-ਦੁਆਲੇ ਤੋਂ ਜੋ ਸਿੱਖਿਆ ਮਿਲਦੀ ਹੈ, ਜੋ ਉਹ ਆਸ-ਪਾਸ ਦੇਖਦੇ ਹਨ; ਉਸ ਤੋਂ ਪ੍ਰਭਾਵਿਤ ਹੋ ਕੇ ਹੀ, ਉਹ ਕੋਈ ਕੰਮ ਕਰਦੇ ਹਨ। ਬੱਚੇ ਤੁਹਾਡੇ ਨੌਕਰ ਨਹੀਂ ਹਨ, ਜੋ ਸਿਰਫ਼ ਤੁਹਾਡੇ ਕਹਿਣੇ ਉੱਤੇ ਹੀ ਚੱਲਣਗੇ। ਤੁਸੀਂ ਉਨ੍ਹਾਂ ਨੂੰ ਬਹੁਤ ਵਧੀਆ ਪੜ੍ਹਾਈ ਕਰਵਾ ਕੇ, ਵਪਾਰ/ਨੌਕਰੀ ਕਰਨ ਯੋਗ ਬਣਾ ਦਿੱਤਾ ਹੈ। ਇਸ ਕਾਰਨ, ਉਨ੍ਹਾਂ ਨੂੰ ਤੁਹਾਡੇ ਤੋਂ ਦੂਰ ਜਾ ਕੇ ਵਪਾਰ/ਨੌਕਰੀ ਕਰਨੀ ਪੈਂਦੀ ਹੈ "ਤਜਿ ਮਾਤ ਪਿਤਾ ਸੁਤ ਬਾਲ ਕਿਤੈ" (ਪਾਤਸ਼ਾਹੀ ੧੦)। ਜੇ ਉਹ ਕੰਮ ਕਰਨ ਬਾਹਰ ਨਹੀਂ ਜਾਣਗੇ, ਤਾਂ ਉਹ ਕਮਾਈ ਵੀ ਨਹੀਂ ਕਰ ਸਕਣਗੇ। ਇਸ ਕਾਰਨ, ਜੇ ਉਹ ਚਾਹੁਣ ਵੀ ਕਿ ਉਹ ਤੁਹਾਡੇ ਕੋਲ ਰਹਿਣ; ਤਾਂ ਵੀ ਉਨ੍ਹਾਂ ਦੀ ਮਜਬੂਰੀ ਹੈ ਕਿ ਉਹ ਤੁਹਾਡੇ ਕੋਲ ਨਹੀਂ ਰਹਿ ਸਕਦੇ। ਕਿਉਂਕਿ, ਉਨ੍ਹਾਂ ਨੇ ਨੌਕਰੀ ਜਾਂ ਵਪਾਰ ਕਰਕੇ ਪੈਸੇ ਕਮਾਉਣੇ ਹਨ। ਸੰਭਵ ਹੈ ਕਿ ਜੋ ਪੈਸੇ, ਉਹ ਤੁਹਾਡੇ ਤੋਂ ਦੂਰ ਰਹਿ ਕੇ ਕਮਾਉਣਗੇ, ਉਹਨਾਂ ਵਿੱਚੋਂ ਕੁਝ ਪੈਸੇ ਉਹ ਤੁਹਾਨੂੰ ਵੀ ਦੇ ਸਕਣ ਅਤੇ ਤੁਹਾਡੀ ਸੇਵਾ ਵੀ ਹੋ ਸਕੇ। ਜੇ ਉਹ ਕਮਾਈ ਨਹੀਂ ਕਰਨਗੇ, ਤਾਂ ਬੁਢਾਪੇ ਵਿੱਚ ਤੁਹਾਡੀ ਸੰਭਾਲ ਲਈ ਪੈਸੇ ਵੀ ਨਹੀਂ ਹੋ ਸਕਣਗੇ। ਇਸ ਕਾਰਨ, ਚਾਹੁੰਦੇ ਹੋਏ ਵੀ ਉਹ ਤੁਹਾਡੇ ਕੋਲ ਨਹੀਂ ਰਹਿ ਸਕਦੇ। ਤੁਹਾਡੇ ਕੋਲ ਰਹਿ ਕੇ, ਕਈ ਵਾਰ ਬੱਚੇ ਇੰਨੀ ਕਮਾਈ ਨਹੀਂ ਕਰ ਸਕਦੇ; ਜਿੰਨੀ ਕਮਾਈ, ਉਹ ਤੁਹਾਡੇ ਤੋਂ ਦੂਰ ਜਾ ਕੇ ਕਰ ਸਕਦੇ ਹਨ।
ਸੋਸ਼ਲ ਮੀਡੀਆ ਤੋਂ, ਵਿਦਿਅਕ ਸੰਸਥਾਵਾਂ ਤੋਂ, ਜਾਂ ਆਸ-ਪਾਸ ਤੋਂ ਵੀ ਉਨ੍ਹਾਂ ਨੂੰ ਜੋ ਦੇਖਣ ਨੂੰ ਅਤੇ ਪੜ੍ਹਨ ਨੂੰ ਮਿਲਦਾ ਹੈ; ਉਸ ਵਿੱਚ ਮਾਪਿਆਂ ਦੀ ਸੇਵਾ ਦੀ ਪ੍ਰੇਰਣਾ ਨਹੀਂ ਹੁੰਦੀ। ਉਸ ਵਿੱਚ ਤਾਂ ਇਹੀ ਸਿੱਖਿਆ ਦਿੱਤੀ ਜਾਂਦੀ ਹੈ ਕਿ ਤੁਸੀਂ ਆਪਣਾ ਕੈਰੀਅਰ ਬਣਾਓ, ਕਮਾਈ ਕਰ ਕੇ ਨਿੱਜੀ ਉੱਨਤੀ ਕਰੋ, ਆਪਣੇ ਬਾਰੇ ਸੋਚੋ। ਇਸ ਕਾਰਨ ਵੀ ਉਨ੍ਹਾਂ ਦੇ ਮਨ ਵਿੱਚ, ਤੁਹਾਡੇ ਪ੍ਰਤੀ ਉਹ ਸੇਵਾ-ਭਾਵਨਾ ਨਹੀਂ ਹੁੰਦੀ; ਜੋ ਤੁਹਾਡੇ ਮਨ ਵਿੱਚ ਆਪਣੇ ਮਾਤਾ-ਪਿਤਾ ਪ੍ਰਤੀ ਸੀ। ਇਸ ਵਿੱਚ ਤੁਹਾਨੂੰ ਇਹ ਸਮਝਣ ਦੀ ਲੋੜ ਹੈ: ਜਦੋਂ ਤੁਸੀਂ ਬਾਲ ਅਤੇ ਯੁਵਾ ਅਵਸਥਾ ਵਿੱਚ ਸੀ, ਤਾਂ ਜੋ ਸੰਸਕਾਰ ਤੁਹਾਨੂੰ ਮਿਲੇ ਸਨ ਅਤੇ ਜੋ ਤੁਹਾਡੇ ਬੱਚਿਆਂ ਨੂੰ ਮਿਲੇ ਹਨ; ਉਨ੍ਹਾਂ ਵਿੱਚ ਬਹੁਤ ਵੱਡਾ ਅੰਤਰ ਹੈ। ਅਜੋਕੇ ਯੁੱਗ ਵਿੱਚ ਦੂਰ-ਦੁਰਾਡੇ ਜਾ ਕੇ, ਕਮਾਈ ਕਰਨ ਦੇ ਸਾਧਨ ਬਹੁਤ ਵੱਧ ਗਏ ਹਨ। ਜੇ ਤੁਸੀਂ ਉਸ ਅੰਤਰ ਨੂੰ ਸਮਝ ਸਕੋ ਗੇ; ਤਾਂ ਬੱਚਿਆਂ ਪ੍ਰਤੀ ਤੁਹਾਡਾ ਕ੍ਰੋਧ ਘਟ ਕੇ, ਮਨ ਸ਼ਾਂਤ ਹੋ ਜਾਵੇਗਾ। ਕ੍ਰੋਧ ਸ਼ਾਂਤ ਹੋਣ ਨਾਲ, ਤੁਹਾਡੇ ਮਨ ਅਤੇ ਤਨ ਦੇ ਬਹੁਤ ਸਾਰੇ ਕਸ਼ਟ ਨਵਿਰਤ ਹੋ ਜਾਣਗੇ। ਕਿਉਂਕਿ, 'ਕ੍ਰੋਧ' ਵਰਗੇ ਬਲਵਾਨ ਸੂਰਮੇ ਅੱਗੇ 'ਸ਼ਾਂਤ' ਨਾਮ ਦਾ ਸੂਰਮਾ ਹੀ ਡਟ ਸਕਦਾ ਹੈ, ਜਿਸ ਬਾਰੇ ਦਸ਼ਮੇਸ਼ ਜੀ ਨੇ ਲਿਖਿਆ ਹੈ:-

ਪਵਨ ਬੇਗ ਰਥ ਚਲਤ ਗਵਨ ਲਖਿ ਮੋਹਿਤ ਨਾਗਰ ॥
ਅਤਿ ਪ੍ਰਤਾਪ ਅਮਿਤੋਜ ਅਜੈ ਪ੍ਰਿਤਮਾਨ ਪ੍ਰਭਾ ਧਰ ॥
ਅਤਿ ਬਲਿਸਟ ਅਧਿਸਟ ਸਕਲ ਸੈਨਾ ਕਹੁ ਜਾਨਹੁ ॥
ਕ੍ਰੋਧ ਨਾਮ ਬਢਿਯਾਛ ਬਡੋ ਜੋਧਾ ਜੀਅ ਮਾਨਹੁ ॥
ਧਰਿ ਅੰਗਿ ਕਵਚ ਧਰ ਪਨਚ ਕਰਿ ਜਿਦਿਨ ਤੁਰੰਗ ਮਟਕ ਹੈ ॥
ਬਿਨੁ ਏਕ ਸਾਂਤਿ ਸੁਨ ਸਤਿ ਨ੍ਰਿਪ ਸੁ ਅਉਰ ਨ ਕੋਊ ਹਟਕਿ ਹੈ ॥

## ਜਿੰਦਗੀ ਵਿੱਚ ਸਫਲਤਾ ਲਈ ਵਿਦਿਆਰਥੀ ਰੱਟਾ ਵਿਧੀ ਨੂੰ ਛੱਡ ਕੇ ਤਰਕ ਨਾਲ ਕਰਨ ਪੜਾਈ

ਵਰਲਡ ਪੰਜਾਬੀ ਟਾਈਮਜ਼ — ਰੀਨਾ ਰਾਣੀ

ਅਕਸਰ ਹੀ ਅੱਜ ਕੱਲ੍ਹ ਦੇਖਿਆ ਜਾਦਾਂ ਹੈ ਕਿ ਕਈ ਵਿਦਿਆਰਥੀ ਰੱਟਾ ਵਿਧੀ ਨਾਲ ਪੜਾਈ ਕਰਨ ਨੂੰ ਪਹਿਲ ਦਿੰਦੇ ਹਨ ।ਜਦੋਂ ਵੀ ਅਧਿਆਪਕ ਦੁਆਰਾ ਰੱਟਾ ਵਿਧੀ ਨਾਲ ਪੜਾਈ ਕਰਨ ਵਾਲੇ ਵਿਦਿਆਰਥੀਆਂ ਨੂੰ ਕੋਈ ਵੀ ਪ੍ਰਸ਼ਨ ਪੁੱਛਿਆ ਜਾਂਦਾ ਹੈ ਤਾਂ ਉਹ ਵਿਦਿਆਰਥੀ ਤੁਰੰਤ ਹੀ ਬਹੁਤ ਤੇਜ ਸਪੀਡ ਨਾਲ ਉਸ ਪ੍ਰਸ਼ਨ ਦਾ ਜਵਾਬ ਤਾਂ ਦੇ ਦਿੰਦੇ ਜਦਕਿ ਉਹਨਾਂ ਨੂੰ ਅਸਲ ਵਿੱਚ ਉਸ ਪ੍ਰਸ਼ਨ ਉੱਤਰ ਦਾ ਕੋਈ ਵੀ ਅਰਥ ਪਤਾ ਨਹੀਂ ਹੁੰਦਾ ਕਿਉਕਿ ਉਹਨਾਂ ਵਿਦਿਆਰਥੀਆਂ ਨੇ ਸਿਰਫ ਰੱਟੇ ਲਗਾ ਕੇ ਹੀ ਪੜਿਆ ਹੁੰਦਾ ।ਰੱਟੇ ਲਾਉਣ ਵਾਲੇ ਵਿਦਿਆਰਥੀ ਨੂੰ ਅਗਰ ਪੇਪਰ ਦੇਣ ਸਮੇਂ ਸ਼ੁਰੂ ਵਾਲੇ ਪ੍ਰਸ਼ਨ ਉੱਤਰ ਦੀ ਇਕ ਲਾਇਨ ਵੀ ਭੁੱਲ ਜਾਵੇ ਤਾਂ ਉਸ ਵਿਦਿਆਰਥੀ ਨੂੰ ਸਾਰੇ ਦਾ ਸਾਰਾ ਪ੍ਰਸ਼ਨ ਉੱਤਰ ਭੁੱਲ ਜਾਂਦਾ ਹੈ ਅਤੇ ਪੇਪਰ ਵਿੱਚ ਕੁਝ ਵੀ ਨਹੀਂ ਲਿਖ ਪਾਉਂਦਾ ।ਅਗਰ ਅਸੀ ਉਹ ਹੀ ਪ੍ਰਸ਼ਨ ਉੱਤਰ ਤਰਕ ਨਾਲ ਅਰਥ ਸਮਝ ਕੇ ਪੜਿਆ ਹੋਵੇ ਤਾਂ ਉਹ ਕਦੇ ਵੀ ਨਹੀਂ ਭੁੱਲਦਾ । ਵਿਦਿਆਰਥੀ ਕਿਤਾਬ ਵਿਚੋ ਰੱਟਾ ਲਗਾ ਕੇ ਪਾਸ ਜਰੂਰ ਹੋ ਸਕਦਾ ਹੈ ਪਰ ਅਸਲ ਗਿਆਨ ਤੋ ਵਾਂਝਾ ਰਹਿ ਜਾਂਦਾ ਹੈ ।ਇਹ ਰੱਟਾ ਵਿਧੀ ਨਾਲ ਪੜਾਈ ਕਰਨ ਵਾਲੇ ਵਿਦਿਆਰਥੀ ਜਦੋਂ ਛੋਟੀਆਂ ਜਮਾਤਾਂ ਵਿਚੋ ਪੜਾਈ ਕਰ ਕੇ ਵੱਡੀਆਂ ਜਮਾਤਾਂ ਵਿੱਚ ਜਾਂਦੇ ਹਨ ਤਾਂ ਉਹਨਾਂ ਨੂੰ ਪੜਾਈ ਦੇ ਅਰਥ ਸਮਝਣ ਵਿੱਚ ਬਹੁਤ ਜਿਆਦਾ ਮੁਸ਼ਕਿਲ ਆਉਂਦੀ ਹੈ ਕਿਉਂਕਿ ਉਹਨਾਂ ਨੇ ਬੇਸਿਕ ਸਿਲੇਬਸ ਛੋਟੀਆ ਜਮਾਤਾਂ ਵਿੱਚ ਸਮਝਿਆ ਨਹੀਂ ਹੁੰਦਾ ਸਿਰਫ ਰੱਟਾ ਲਗਾ ਕੇ ਹੀ ਪੜਿਆ ਹੁੰਦਾ ਹੈ ।ਅੱਜ ਕੱਲ ਦਾ ਯੁੱਗ ਕੰਪੀਟੀਸ਼ਨ ਦਾ ਯੁੱਗ ਹੈ ।ਅਸੀ ਕੋਈ ਵੀ ਨੋਕਰੀ ਪ੍ਰਾਪਤ ਕਰਨੀ ਹੈ ਜਾ ਫਿਰ ਕਿਸੇ ਕਾਲਜ ਜਾ ਯੂਨੀਵਰਸਿਟੀ ਵਿੱਚ ਉਚੇਰੀ ਸਿੱਖਿਆ ਪ੍ਰਾਪਤ ਕਰਨ ਲਈ ਦਾਖਲਾ ਲੈਣਾ ਹੈ ਤਾਂ ਸਾਨੂੰ ਬਹੁਤ ਵੱਡੇ ਕੰਪੀਟੀਸ਼ਨ ਵਿਚੋ ਗੁਜਰਨਾ ਪੈਂਦਾ ਹੈ ਜੋ ਕਿ ਸਾਡੇ ਲਈ ਬਹੁਤ ਵੱਡਾ ਚੈਲੰਜ ਹੁੰਦਾ ਹੈ ।ਅਗਰ ਅਸੀ ਸ਼ੁਰੂ ਤੋ ਲੈ ਕੇ ਰੱਟਾ ਵਿਧੀ ਨਾਲ ਪੜਾਈ ਕੀਤੀ ਹੈ ਤਾਂ ਅਸੀ ਕੋਈ ਵੀ ਕੰਪੀਟੀਸ਼ਨ ਵਾਲਾ ਪੇਪਰ ਪਾਸ ਨਹੀਂ ਕਰ ਸਕਦੇ ।ਜੇਕਰ ਅਸੀਂ ਸ਼ੁਰੂ ਤੋ ਹੀ ਤਰਕ ਵਿਧੀ ਨਾਲ ਪੜਾਈ ਕੀਤੀ ਹੈ ਤਾਂ ਸਾਨੂੰ ਮੁਕਾਬਲੇ ਦੀਆ ਪ੍ਰੀਖਿਆਵਾਂ ਪਾਸ ਕਰਨ ਵਿੱਚ ਕੋਈ ਵੀ ਦਿੱਕਤ ਨਹੀਂ ਆਵੇਗੀ। ਔਖੇ ਵਿਸ਼ਿਆਂ ਦੇ ਸੌਖੇ ਤਰੀਕੇ ਨਾਲ ਪੜਣ ਲਈ ਹੱਥ ਲਿਖਤ ਨੋਟਸ ਤਿਆਰ ਕੀਤੇ ਜਾ ਸਕਦੇ ਹਨ । ਬੱਚੇ ਆਪਣੀ ਲਿਖਾਈ 'ਚ ਤਿਆਰ ਕੀਤੇ ਮਟੀਰੀਅਲ ਤੋਂ ਕਿਤਾਬਾਂ ਦੀ ਬਜਾਏ ਜ਼ਿਆਦਾ ਸਿੱਖਦੇ ਹਨ।ਖ਼ਾਸ ਤੌਰ 'ਤੇ ਵਿਗਿਆਨ ਤੇ ਹਿਸਾਬ ਜਿਹੇ ਔਖੇ ਵਿਸ਼ਿਆਂ ਦੇ ਫਾਰਮੂਲਿਆਂ ਨੂੰ ਫਲੈਸ਼ ਕਾਰਡਾਂ 'ਤੇ ਲਿਖ ਕੇ ਸੌਖਿਆਂ ਯਾਦ ਕੀਤਾ ਜਾ ਸਕਦਾ ਹੈ। ਰੱਟਾ ਵਿਧੀ ਰਾਹੀਂ ਮੂੰਹ ਜ਼ੁਬਾਨੀ ਯਾਦ ਕਰਨ ਦੀ ਬਜਾਏ ਬੱਚੇ ਨੂੰ ਤੱਥ ਦੀ ਸਮਝ ਹੋਣੀ ਜ਼ਰੂਰੀ ਹੈ। ਇਸ ਨਾਲ ਉਸ ਨੂੰ ਪ੍ਰੀਖਿਆ 'ਚ ਲਿਖਣ 'ਚ ਮਦਦ ਮਿਲਦੀ ਹੈ ਤੇ ਉਹ ਮੁੱਖ ਤੱਥਾਂ ਦਾ ਲਿਖਤੀ ਵਿਸਥਾਰ ਦੇਣਾ ਸਿੱਖ ਜਾਂਦਾ ਹੈ। ਬਿਨਾਂ ਧਿਆਨ ਕੇਂਦਰਤ ਕੀਤੀ ਘੰਟਿਆਂਬੱਧੀ ਪੜ੍ਹਨ ਦਾ ਕੋਈ ਫ਼ਾਇਦਾ ਨਹੀਂ, ਜਦੋਂਕਿ ਇਕਾਗਰ ਚਿੱਤ ਨਾਲ ਕੁਝ ਮਿੰਟ ਪੜ੍ਹੇ ਦਾ ਹੀ ਜ਼ਿਆਦਾ ਫ਼ਾਇਦਾ ਹੋ ਜਾਂਦਾ ਹੈ। ਇਸ ਲਈ ਸਾਰੇ ਵਿਦਿਆਰਥੀਆਂ ਨੂੰ ਇਸ ਗੱਲ ਵੱਲ ਖਾਸ ਧਿਆਨ ਦੇਣ ਦੀ ਜਰੂਰਤ ਹੈ ਕਿ ਸਾਨੂੰ ਪੜਾਈ ਦੇ ਸਿਲੇਬਸ ਨੂੰ ਚੰਗੀ ਤਰ੍ਹਾਂ ਤਰਕ ਨਾਲ ਅਰਥ ਸਮਝ ਕੇ ਪੜਣਾ ਚਾਹੀਦਾ ਹੈ ਤਾਂ ਜੋ ਭਵਿੱਖ ਵਿੱਚ ਕਿਸੇ ਵੀ ਚੁਣੌਤੀ ਦਾ ਸਾਹਮਣਾ ਕਰਨ ਲਈ ਸਾਨੂੰ ਕੋਈ ਮੁਸ਼ਕਿਲ ਨਾ ਆਵੇ।ਕਿਤਾਬੀ ਪੜਾਈ ਤੋ ਬਿਨਾਂ ਵਿਸ਼ੇ ਨਾਲ ਸਬੰਧਤ ਅਖ਼ਬਾਰਾਂ,ਰੇਡਿਓ, ਸਿੱਖਿਆ ਸੰਬੰਧੀ ਮੈਗਜੀਨ ,ਇਤਿਹਾਸਕ ਯਾਤਰਾ ਤੇ ਜਾ ਕੇ ਇਤਿਹਾਸਿਕ ਥਾਵਾਂ ਦੇਖਣਾ, ਟੀਵੀ ਤੇ ਇੰਟਰਨੈੱਟ ਰਾਹੀਂ ਵੀ ਗਿਆਨ ਪ੍ਰਾਪਤ ਕਰਨਾ ਚਾਹੀਦਾ ਹੈ ਕਿਉਂਕਿ ਵੱਖ ਵੱਖ ਤਰੀਕਿਆਂ ਨਾਲ ਕੀਤੀ ਪੜਾਈ ਨਾਲ ਜਿਆਦਾ ਗਿਆਨ ਪ੍ਰਾਪਤ ਹੁੰਦਾ ਹੈ ਅਤੇ ਲੰਮੇ ਸਮੇਂ ਤੱਕ ਯਾਦ ਰਹਿੰਦਾ ਹੈ ।

## ਬਾਪੂ ਜੀ ਸ. ਹਰਨਾਮ ਸਿੰਘ ਗਿੱਲ ਨੂੰ ਯਾਦ ਕਰਦਿਆਂ

ਮੇਰੇ ਵੱਡੇ ਭਾ ਜੀ ਪ੍ਰੋ. ਸੁਖਵੰਤ ਸਿੰਘ ਗਿੱਲ(ਬਟਾਲਾ) ਨੇ ਬਾਪੂ ਜੀ ਸ. ਹਰਨਾਮ ਸਿੰਘ ਜੀ ਨੂੰ ਉਨ੍ਹਾਂ ਦੇ 8 ਜੁਲਾਈ 1987 ਨੂੰ ਹੋਏ ਵਿਛੋੜੇ ਨੂੰ ਯਾਦ ਕਰਦਿਆਂ ਲਿਖ ਭੇਜਿਆ ਹੈ।

ਆਪਣੇ ਬਾਪੂ ਜੀ ਨੂੰ ਯਾਦ ਕਰਦਿਆਂ ਅੱਜ ਆਪਣੇ ਬਾਪੂ ਜੀ ਨੂੰ ਯਾਦ ਕਰਦਿਆਂ, ਮੈਂ ਬਾਕੀ ਸਾਰੇ ਲੋਕਾਂ ਵਾਂਗੂ ਕਈ ਵਾਰ ਇਹੀ ਸੋਚਣ ਲੱਗ ਪੈਂਦਾ ਹਾਂ ਕਿ ਪਤਾ ਨਹੀਂ ਏਨੇ ਸਾਰੇ ਲੋਕ , ਜਿਹੜੇ ਇਥੇ ਸਾਡੇ ਸਾਰਿਆਂ ਦੇ ਦਰਮਿਆਨ ਹੁੰਦੇ ਹਨ, ਉਹ ਪਤਾ ਨਹੀਂ ਕਿੱਧਰ ਚਲੇ ਜਾਂਦੇ ਹਨ? ਮੈਨੂੰ ਯਾਦ ਆਇਆ ਕਿ ਜਦੋਂ ਲੁਧਿਆਣੇ 8 ਜੁਲਾਈ 1987 ਨੂੰ ਬਾਪੂ ਜੀ ਸਾਨੂੰ ਸਾਰਿਆਂ ਨੂੰ ਸਦੀਵੀ ਵਿਛੋੜਾ ਦੇ ਗਏ ਸਨ, ਤਾਂ ਉਸ ਸਮੇਂ ਮੈਨੂੰ ਇੰਝ ਲੱਗਾ ਸੀ ਕਿ ਜਿਵੇਂ ਸਾਡੇ ਸਾਰੇ ਪਰਿਵਾਰ ਉੱਪਰ ਇੱਕ ਤਣਿਆ ਹੋਇਆ ਵੱਡਾ ਸਾਰਾ ਤੰਬੂ ਅੱਧ ਵਿਚਕਾਰੋਂ ਪਾਟ ਗਿਆ ਹੈ। ਉਹਨਾਂ ਨਾਲ ਬਿਤਾਇਆ ਜੀਵਨ ਦਾ ਵੱਡਾ ਸਮਾਂ ਅਤੇ ਅਨੇਕਾਂ ਯਾਦਾਂ ਬਹੁਤ ਯਾਦ ਆਉਂਦੀਆਂ ਹਨ।
ਖਾਸ ਤੌਰ ਤੇ ਉਹ ਅਕਸਰ ਕਿਆ ਕਰਦੇ ਸਨ ਕਿ ਪੜ੍ਹਾਈ ਅਤੇ ਅਕਲ ਦਾ ਆਪਸ ਵਿੱਚ ਕੋਈ ਬਹੁਤ ਗੂੜ੍ਹਾ ਰਿਸ਼ਤਾ ਨਹੀਂ ਹੁੰਦਾ। ਪੜ੍ਹਾਈ ਤਾਂ ਅੱਖਰ ਪਛਾਣ ਹੁੰਦੀ ਹੈ ਅਤੇ ਅਕਲ ਤਾਂ ਜੀਵਨ ਚੋਂ ਮਿਲਦੀ ਹੈ।
ਅੱਜ ਜਦੋਂ ਉਹਨਾਂ ਦਾ ਸਾਡੇ ਤੋਂ ਵਿਛੜਿਆਂ ਨੂੰ 38 ਸਾਲ ਤੋਂ ਵੱਧ ਸਮਾਂ ਬੀਤ ਚੁੱਕਾ ਹੈ, ਪਰ ਉਹਨਾਂ ਦੀਆਂ ਯਾਦਾਂ ਮੇਰੇ ਜੀਵਨ ਦੇ ਹਰ ਔਖੇ ਸੌਖੇ ਮੋੜ 'ਤੇ ਮੇਰਾ ਰਾਹ ਰੁਸ਼ਨਾਉਂਦੀਆਂ ਹਨ।ਨਾਲ ਜੁੜਵੀਂ
ਮੈਂ ਆਪਣੇ ਬਾਪੂ ਜੀ ਨੂੰ ਸਮਰਪਿਤ ਇਹ ਗ਼ਜ਼ਲ 2005 ਵਿੱਚ ਲਿਖੀ ਸੀ ਜੋ ਮੇਰੀ 2007ਚ ਛਪੀ ਪੁਸਤਕ "ਮਨ ਤੰਦੂਰ" ਵਿੱਚ ਸ਼ਾਮਿਲ ਹੈ। ਤੁਹਾਡੀ ਪੜ੍ਹਤ ਲਈ ਇਹ ਗ਼ਜ਼ਲ ਪੇਸ਼ ਹੈ।
ਗੁਰਭਜਨ ਗਿੱਲ

ਗ਼ਜ਼ਲ

ਚਿਰ ਹੋਇਆ ਏ ਬਾਪੂ ਜੀ ਤਾਂ ਤੁਰ ਗਏ ਲੰਮੀ ਵਾਟੇ।
ਚੇਤੇ ਆ ਗਏ ਅੱਜ ਉਨ੍ਹਾਂ ਦੇ, ਪੈਰ ਬਿਆਈਆਂ ਪਾਟੇ।

ਤੁਰਦੇ-ਤੁਰਦੇ ਤੁਰਦੇ ਭਾਵੇਂ, ਜਾਂਦੇ ਅੱਖੀਂ ਵੇਖੇ,
ਪਰ ਤੇਰੇ ਵਿਚ ਹਾਜ਼ਰ ਨਾਜ਼ਰ ਅੱਜ ਵੀ ਸੂਹੀ ਲਾਟੇ।

ਘਰ ਤੋਂ ਮੰਜ਼ਿਲ ਤੀਕ ਪਹੁੰਚਦੇ, ਮਿਥਦੇ ਪਹਿਲਾਂ ਦਾਈਆ,
ਸੁਪਨੇ ਵਿਚ ਵੀ ਮੈਂ ਨਹੀਂ ਵੇਖੇ, ਖੜ੍ਹੇ ਕਿਤੇ ਅਧਵਾਟੇ।

ਰਿਸ਼ਤੇ ਦੀ ਪਾਕੀਜ਼ ਡੋਰ ਨੂੰ, ਧਰਮ ਦੇ ਵਾਂਗੂੰ ਫੜਦੇ,
ਮਰਦੇ ਦਮ ਤੱਕ ਡਿੱਠੇ ਹੀ ਨਹੀਂ, ਗਿਣਦੇ ਵਾਧੇ ਘਾਟੇ।

ਅਨਪੜ੍ਹ ਸੀ ਪਰ ਸਦਾ ਆਖਦੇ ਤੇ ਸਮਝਾਉਂਦੇ ਸਾਨੂੰ,
ਢਿੱਡੋਂ ਇਕ ਨੇ, ਕੁਰਸੀਆਂ ਵਾਲੇ, ਟਾਟੇ ਬਿਰਲੇ ਬਾਟੇ।

ਨਿਰਭਉ ਤੇ ਨਿਰਵੈਰ ਜਿਸਮ ਵਿਚ ਰਹਿੰਦਾ ਰੱਬ ਸੀ ਓਹੀ,
ਕਾਲ ਮੁਕਤ ਸਮਕਾਲੀ ਬਾਬਲ, ਅੱਜ ਵੀ ਬੰਧਨ ਕਾਟੇ।

ਅਸਲ ਨਸ਼ਾ ਤਾਂ ਕਿਰਤ ਕਮਾਈ, ਜਾਗਿਓ, ਰਾਖੀ ਕਰਿਉ,
ਚਾਤਰ ਸ਼ਾਤਰ ਬੜਾ ਚਾਹੁਣਗੇ, ਲਾਉਣਾ ਪੁੱਠੀ ਚਾਟੇ।

ਧਰਤੀ ਧਰਮ ਨਿਭਾਉਣਾ ਦੱਸਿਆ ਤੇ ਏਦਾਂ ਸਮਝਾਇਆ,
ਮਰਿਆਦਾ ਦੀ ਸ਼ਕਤੀ ਸਾਂਭੋ, ਰੱਖ ਕੇ ਸਿੱਧੇ ਗਾਟੇ।

ਅਣਖ਼ ਦੀ ਰੋਟੀ ਸਦਾ ਕਮਾਇਓ, ਮੇਰੇ ਬਰਖੁਰਦਾਰੋ,
ਪੈਸੇ ਦੇ ਪੁੱਤ ਕਰਨ ਹਕੂਮਤ, ਖੇਡਣ ਝੂਟੇ ਮਾਟੋ।

ਵਰਲਡ ਪੰਜਾਬੀ ਟਾਈਮਜ਼ — ਗੁਰਭਜਨ ਗਿੱਲ